# ਨਾਮਦੇਵ

ਮਾਧਵ ਗੋਪਾਲ ਦੇਸ਼ਮੁਖ



Pb
891.461 51
N 15 D

ਭਾਰਤੀ ਸਾਹਿੱਤ ਦੇ ਨਿਰਮਾਤਾ

P
891.461 51
N 15 D

ਸਤ ਕਵੀ ਨਾਮਦੇਵ ਦੀ 700ਵੀਂ ਵਰ੍ਹੇ ਗੰਢ 1970 ਵਿਚ ਮਨਾਈ ਗਈ। ਉਸੇ ਸੰਬੰਧੀ ਮਾਧਵ ਗੋਪਾਲ ਦੇਸ਼ਮੁਖ ਦੀ ਇਹ ਪੁਸਤਕ ਪ੍ਰਕਾਸ਼ਿਤ ਕੀਤੀ ਗਈ ਸੀ।

ਤੇਰ੍ਹਵੀਂ ਸਦੀ ਤੋਂ ਅਗਾਂਹ ਮਹਾਰਾਸ਼ਟਰ ਵਿਚ ਅਨੇਕ ਸਾਧੂ ਸੰਤ ਹੋਏ; ਉਨ੍ਹਾਂ ਸਾਰਿਆਂ ਵਿਚ ਸੰਤ ਨਾਮਦੇਵ ਕਾਲ-ਕ੍ਰਮ ਵਿਚ ਸਭ ਤੋਂ ਪਹਿਲਾਂ ਹਨ। ਉਨ੍ਹਾਂ ਦੇ ਅਨੇਕ ਗੁਣਾਂ ਉਪਰ ਧਿਆਨ ਦਿਤਾ ਜਾਵੇ ਤਾਂ ਵੀ ਉਨ੍ਹਾਂ ਨੂੰ ਮੁਢਲਾ ਸਥਾਨ ਦੇਣਾ ਪਵੇਗਾ। ਮਰਾਠੀ ਭਾਸ਼ਾ ਵਿਚ ਅਭੰਗ ਨਾਮ ਦਾ ਛੰਦ ਪ੍ਰਚਲਤ ਕਰਨ ਵਾਲੇ ਪ੍ਰਥਮ ਕਵੀ ਨਾਮਦੇਵ ਹੀ ਹਨ। ਕੇਵਲ ਮਰਾਠੀ ਵਿਚ ਹੀ ਨਹੀਂ, ਭਾਰਤ ਦੀਆਂ ਦੂਸਰੀਆਂ ਬੋਲੀਆਂ ਵਿਚ ਵੀ ਜਿਨ੍ਹਾਂ ਨੇ ਅਭੰਗ ਰਚਨਾ ਨੂੰ ਰੂੜ੍ਹ ਕੀਤਾ, ਉਨ੍ਹਾਂ ਵਿਚ ਪਹਿਲੇ ਸੰਤ ਨਾਮਦੇਵ ਹੀ ਹਨ। ਸਿਖ ਧਰਮ ਦੀ ਨੀਂਹ ਟਖਣ ਵਾਲੇ ਗੁਰੂ ਨਾਨਕ ਦੇਵ ਨੇ ਵੀ ਨਾਮ-ਮਹਾਤਮ ਦੀ ਪ੍ਰੇਰਨਾ ਮੁਖ ਤੌਰ ਤੇ ਸੰਤ ਨਾਮਦੇਵ ਤੋਂ ਹੀ ਪ੍ਰਾਪਤ ਕੀਤੀ। ਏਨਾਂ ਹੀ ਨਹੀਂ, ਸਿੱਖਾਂ ਦੇ 'ਆਦਿ-ਗ੍ਰੰਥ' ਵਿਚ ਨਾਮਦੇਵ ਦੀ ਅਜੇਹੀ ਰਚਨਾ ਸ਼ਾਮਲ ਕੀਤੀ ਗਈ ਹੈ ਜੋ ਸਾਧਾ ਭਾਖਾ ਵਿਚ ਲਿਖੀ ਗਈ ਹੈ।

ਇਸ ਸਾਧ ਭਾਖਾ ਦੀ ਮਰਾਠੀ ਭਾਖਾ ਲਈ ਖਾਸੀ ਸਮਾਨਤਾ ਹੈ। ਨਾਮਦੇਵ ਦਾ ਕਾਰਜ ਖੇਤਰ ਕੇਵਲ ਮਹਾਰਾਸ਼ਟਰ ਤਕ ਹੀ ਸੀਮਤ ਨਹੀਂ ਸੀ। ਨਰਮਦਾ ਦੇ ਉਤਰ ਵਾਲੇ ਪਾਸੇ ਠੇਠ ਅਜ ਦੇ ਪੰਜਾਬ ਤਕ ਨਾਮਦੇਵ ਨੇ ਭਗਤੀ ਮਾਰਗ ਦਾ ਪ੍ਰਚਾਰ ਕੀਤਾ। ਉਤਰ ਭਾਰਤ ਵਿਚ ਭਗਤੀ-ਮਾਰਗ ਦਾ ਪ੍ਰਚਾਰ ਅਤੇ ਪ੍ਰਸਾਰ ਕਰਨ ਵਾਲੇ ਪਹਿਲੇ ਮਹਾ-ਰਾਸ਼ਟਰੀ ਸੰਤ ਦੇ ਨਾਤੇ ਨਾਮਦੇਵ ਦਾ ਨਾਮ ਹੀ ਲਿਆ ਜਾਣਾ ਚਾਹੀਦਾ ਹੈ। ਮਹਾਰਾਸ਼ਟਰ ਦੇ ਸੰਤਾਂ ਵਿਚ ਨਾਮਦੇਵ ਨੇ ਸਭ ਤੋਂ ਵਡੀ ਉਮਰ ਭੋਗੀ। ਬਚਪਨ ਤੋਂ ਲੈ ਕੇ ਜੀਵਨ ਦੇ ਅੰਤ ਕਾਲ ਤਕ ਉਨ੍ਹਾਂ ਨੇ ਹਮੇਸ਼ਾਂ ਵਿੱਠਲ-ਭਗਤੀ ਦਾ ਹੀ ਪੱਖ ਪੂਰਿਆ, ਨਾਰਦਮੁਨੀ ਵਾਂਗ ਨਾਮਦੇਵ ਨੇ ਭਗਵਾਨ ਦੀ ਭਗਤੀ ਦਾ ਵਰਤ ਧਾਰਨ ਕੀਤਾ।

SAHITYA AKADEMI
REVISED PRICE Rs. 15-00

# ਨਾਮਦੇਵ

# ਨਾਮਦੇਵ

ਭਾਰਤੀਯ ਸਾਹਿੱਤ ਦੇ ਨਿਰਮਾਤਾ

# ਨਾਮਦੇਵ

ਲੇਖਕ

ਮਾਧਵ ਗੋਪਾਲ ਦੇਸ਼ਮੁਖ

ਅਨੁਵਾਦਕ

ਹਰਿਭਜਨ ਸਿੰਘ

ਸਾਹਿਤ ਅਕਾਦੇਮੀ

*Namdev* : Punjabi translation by Haribhajan Singh of M.G. Deshmukh's monograph in Marathi. Sahitya Akademi, New Delhi, Second Printing (1983)
SAHITYA AKADEMI
REVISED PRICE Rs. 15-00

© ਸਾਹਿਤ ਅਕਾਦੇਮੀ

P
891.461 51
N 15 D

ਪਹਿਲੀ ਵਾਰ : 1970
ਦੂਜੀ ਵਾਰ : 1983

ਸਾਹਿਤ ਅਕਾਦੇਮੀ

ਮੁੱਖ ਦਫ਼ਤਰ :

ਰਵਿੰਦਰ ਭਵਨ, 35, ਫ਼ੀਰੋਜ਼ਸ਼ਾਹ ਰੋਡ, ਨਵੀਂ ਦਿਲੀ 110001

ਪ੍ਰਾਦੇਸ਼ਿਕ ਦਫ਼ਤਰ :

ਬਲਾਕ V-ਬੀ, ਰਵਿੰਦਰ ਸਰੋਵਰ ਸਟੇਡੀਅਮ, ਕਲਕਤਾ 700029
29, ਐਲਡਾਮਸ ਰੋਡ (ਦੂਜੀ ਮੰਜ਼ਿਲ), ਤੇਨਾਮਪੇਟ, ਮਦਰਾਸ 600018
172, ਮੁੰਬਈ ਮਰਾਠੀ ਗ੍ਰੰਥ ਸੰਗ੍ਰਹਾਲਯ ਮਾਰਗ, ਦਾਦਰ, ਬੰਬਈ 400014

Library IIAS, Shimla
P 891.461 51 N 15 D
00116262

ਪ੍ਰਿੰਟਰ :
ਰੂਪਕ ਪ੍ਰਿੰਟਰਸ
ਕੇ-17, ਨਵੀਨ ਸ਼ਾਹਦਰਾ, ਦਿੱਲੀ 110032

Indian Institute ... SHIMLA
116262
23/11/04

SAHITYA AKADEMI
REVISED PRICE Rs. 15-00

# ਮਹਾਰਾਸ਼ਟਰ ਦੇ ਸੰਤ ਅਤੇ ਗੁਰੂ ਨਾਮਦੇਵ

(ਈਸਵੀ ੧੩੦੦)

## ਭਾਰਤ ਦੇ ਅਧਿਆਤਮਕ ਜੀਵਨ ਦੇ ਇਕ ਮਹਾਨ ਵਿਆਖਿਆਕਾਰ

ਭਾਰਤ ਦੀ ਜਨਤਾ ਵਿਚ ਵੰਨਸੁਵੰਨੀਆਂ ਜਾਤੀਆਂ ਉਪਜਾਤੀਆਂ ਹਨ ਅਤੇ ਉਨ੍ਹਾਂ ਵਿਚ ਅਨੇਕ ਬੋਲੀਆਂ ਪ੍ਰਚਲਿਤ ਹਨ। ਤਾਂ ਵੀ ਉਹ ਇਕ ਹਿੰਦੂ ਰਾਸ਼ਟਰ (ਏਥੇ ਹਿੰਦੂ ਸ਼ਬਦ ਵਿਆਪਕ ਅਰਥ ਵਿਚ ਵਰਤਿਆ ਜਾ ਰਿਹਾ ਹੈ) ਦੇ ਰੂਪ ਵਿਚ ਸੰਗਠਿਤ ਹੈ। ਇਹ ਇਕਮੁਠ ਸੰਗਠਨ ਉਸ ਵਿਚਾਰਧਾਰਾ ਅਤੇ ਜੀਵਨ-ਜਾਚ ਦੇ ਸਦਕਾ ਸੰਭਵ ਹੋਇਆ ਜੋ ਪ੍ਰਾਚੀਨ ਭਾਰਤ ਵਿਚ ਵਿਕਸਿਤ ਹੋਈ ਅਤੇ ਈਸਾ ਤੋਂ ਇਕ ਹਜ਼ਾਰ ਵਰ੍ਹੇ ਪਹਿਲਾਂ ਨਿਸਚਿਤ ਰੂਪ ਦਾ ਆਕਾਰ ਗ੍ਰਹਿਣ ਕਰ ਚੁੱਕੀ ਸੀ, ਭਾਵੇਂ ਉਹਨਾਂ ਵਿਚ ਕੁਝ ਵਖਰੇਵੇਂ ਸਨ ਅਤੇ ਕੁਝ ਬੁਨਿਆਦੀ ਪਰਿਵਰਤਨ ਵੀ। ਜੀਵਨ-ਜਾਚ ਦੀ ਇਹ ਏਕਤਾ ਬ੍ਰਾਹਮਣ, ਬੋਧ ਅਤੇ ਜੈਨ ਸਾਹਿਤ ਵਿਚ ਮਿਲਦੀ ਹੈ ਅਤੇ ਸੰਸਕ੍ਰਿਤ ਅਤੇ ਅਨੇਕ ਪ੍ਰਾਕ੍ਰਿਤਾਂ ਵਿਚ ਦਿਸ ਆਉਂਦੀ ਹੈ। ਇਸ ਸਾਹਿਤ ਵਿਚ ਨਾ ਕੇਵਲ ਵੇਦ ਅਤੇ ਉਪਨਿਸ਼ਦ ਵਰਗੇ ਬ੍ਰਾਹਮਣ ਗ੍ਰੰਥ ਹਨ, ਰਾਮਾਇਣ, ਮਹਾਭਾਰਤ ਅਤੇ ਪੁਰਾਣ ਹਨ, ਕਾਲੀਦਾਸ ਦੀਆਂ ਰਚਨਾਵਾਂ ਹਨ ਅਤੇ ਕਈ ਸ਼ਾਸਤਰ ਹਨ, ਸਗੋਂ ਪਾਲੀ ਵਿਚ ਅਤੇ ਬੋਧ ਸੰਸਕ੍ਰਿਤ ਵਿਚ ਹੀਨਯਾਨ ਅਤੇ ਬੋਧ ਮਹਾਯਾਨ ਬੋਧ-ਸਾਹਿਤ ਵੀ ਹੈ; ਅਤੇ ਜੈਨੀਆਂ ਦਾ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਸਾਹਿਤ ਵੀ ਹੈ। ਜਿਨ੍ਹਾਂ ਬਿਦੇਸੀ ਧਰਮਾਂ ਅਤੇ ਸੰਸਕ੍ਰਿਤੀਆਂ ਨੇ ਭਾਰਤ ਨੂੰ ਆਪਣਾ ਘਰ ਬਣਾ ਲਿਆ, ਉਨ੍ਹਾਂ ਵੀ ਇਸੇ ਇਕਮੁਠ ਭਾਰਤੀ ਸੰਸਕ੍ਰਿਤੀ ਮਨੋਬਿਰਤੀ ਅਤੇ ਜੀਵਨ-ਜਾਚ ਦੇ ਪ੍ਰਭਾਵ ਨੂੰ ਸਵੀਕਾਰ ਕੀਤਾ। ਇਸਲਾਮ, ਈਸਾਈ ਧਰਮ, ਯਹੂਦੀ ਅਤੇ ਜ਼ਰਥੁਸਤ੍ਰ ਧਰਮ ਵੀ ਜਦੋਂ ਭਾਰਤ ਵਿਚ ਵਿਚ ਆਏ ਤਾਂ ਉਹ ਵੀ ਭਾਰਤੀ ਬਿਰਤੀ ਤੋਂ ਵਖਰੇ ਉਸਦੇ ਵਿਰੋਧੀ ਨਾ ਰਹਿ ਸਕੇ, ਭਾਵੇਂ ਉਹਨਾਂ ਨੂੰ ਅਜੇਹੀਆਂ ਭਾਰਤ-ਬਾਹਰੀ ਵਿਚਾਰਧਾਰਾਵਾਂ ਦੀ ਖਿਚ ਸੀ ਜੋ ਪਹਿਲੀ ਨਜ਼ਰੇ ਭਾਰਤੀ ਅੰਤਰਬਿਰਤੀ ਨਾਲ ਮੇਲ ਨਹੀਂ ਖਾਂਦੀਆਂ ਸਨ।

ਪਿਛਲੇ ਇਕ ਹਜ਼ਾਰ ਵਰ੍ਹਿਆਂ ਵਿਚ ਇਸਲਾਮ ਦੇ ਆਗਮਨ ਦੇ ਬਾਦ ਹਾਲਾਤ ਵਿਚ ਤਬਦੀਲੀ ਹੋਈ, ਪਰ ਇਕ ਬੁਨਿਆਦੀ ਏਕਤਾ ਵਿਚ ਕੋਈ ਕਮੀ ਨਹੀਂ ਹੋਈ, ਭਾਵੇਂ ਇਸਲਾਮ ਅਤੇ ਇਸਦੇ ਬਾਦ ਈਸਾਈ ਮਤ ਨੇ ਭਾਰਤੀ ਮਾਤਾ ਦੇ

ਇਸ ਘਰ ਵਿਚ ਅਪਣੇ ਲਈ ਨਵੇਂ ਆਲੇ ਬਣਾ ਲਏ। ਅਜੇਹੇ ਘੁਮਕੱੜ ਵਿਦਵਾਨਾਂ, ਦਾਰਸ਼ਨਿਕਾਂ ਸੰਤ-ਮਹੰਤਾਂ ਅਤੇ ਭਗਤਾਂ ਨੂੰ ਧੰਨਵਾਦ ਹੈ ਜਿਹਨਾਂ ਦੇ ਭਾਰਤ-ਭ੍ਰਮਣ ਨਾਲ ਇਸ ਏਕਤਾ ਨੂੰ ਨਵੇਂ ਰੂਪ ਅਤੇ ਨਵੇਂ ਉਦੇਸ਼ ਮਿਲਦੇ ਰਹੇ। ਉਨ੍ਹਾਂ ਦੀ ਕ੍ਰਿਪਾਂ ਨਾਲ ਹੀ ਭਾਰਤੀ ਅੰਤਰ-ਬਿਰਤੀ ਉਪਰ ਵਿਦੇਸ਼ੀ ਪ੍ਰਭਾਵਾਂ ਦਾ ਉਛਾੜ ਚੜ੍ਹ ਨਾ ਸਕਿਆ। ਗਲ ਸਭ ਤੋਂ ਪਹਿਲਾਂ ੮੦੦ ਈਸਵੀ ਦੇ ਲਗਭਗ ਮਹਾਨ ਸ਼ੰਕਰਾਚਾਰੀਆ ਤੋਂ ਆਰੰਭ ਕਰਨੀ ਚਾਹੀਦੀ ਹੈ ਜੋ ਇਸ ਏਕਤਾ ਦੇ ਨਿਰਮਾਤਿਆਂ ਦੀ ਨਵੇਂ ਮੰਡਲੀ ਦੇ ਮੋਢੀ ਸਨ। ਉਹ ਸੰਸਕ੍ਰਿਤ-ਕਾਵਿ ਅਤੇ ਪੁਰਾਣ ਦੇ ਬਾਦ ਦੇ ਵੇਲੇ ਹੋਏ। ਸ਼ੰਕਰਾ-ਚਾਰੀਆਂ ਨੇ ਕੁਲ ੩੨ ਸਾਲ ਦੀ ਉਮਰ ਭੋਗੀ, ਪਰ ਉਹਨਾਂ ਨੇ ਭਾਰਤ ਨੂੰ ਮੁੜ ਕੇ ਇਕ ਸੂਤਰ ਵਿਚ ਪਿਰੋਣ ਦਾ ਇਕ ਚਮਤਕਾਰਾ ਕਰ ਵਿਖਾਇਆ। ਉਹਨਾਂ ਨੇ ਅਪਣੇ ਦਰਸ਼ਨ ਰਾਹੀਂ ਇਕ ਪਾਸੇ ਨਿਰਗੁਣ ਬ੍ਰਹਮ ਦੀ ਅਤੇ ਦੂਜੇ ਪਾਸੇ ਪਾਰਬ੍ਰਹਮ ਦੇ ਸਗੁਣ ਰੂਪ ਦੀ ਇਕੋ ਵੇਲੇ ਉਸਤਤਿ ਕੀਤੀ। ਉਸਦੇ ਬਾਦ ਗੁਰੂਆਂ, ਭਗਤਾਂ ਅਤੇ ਸੰਤਾਂ ਦੀ ਇਕ ਲੰਮੀ ਮਾਲਾ ਹੈ ਜੋ ਬਹੁਤਾ ਕਰਕੇ ਇਕ ਥਾਂ ਤੋਂ ਦੂਜੀ ਥਾਂ ਹਮੇਸ਼ ਘੁੰਮਣ ਵਾਲੇ ਵਿਦਵਾਨ ਅਤੇ ਧਰਮ-ਪ੍ਰਾਣ ਵਿਅਕਤੀ ਸਨ। ਇਹਨਾਂ ਭਗਤਾਂ-ਸੰਤਾਂ ਨੇ ਮਧਜੁਗੀ ਅਤੇ ਆਧੁਨਿਕ ਭਾਰਤ ਦੇ ਦੂਰ ਦੁਰਾਡੇ ਪ੍ਰਦੇਸ਼ਾਂ ਨੂੰ ਇਕ ਦੂਜੇ ਦੇ ਵਧੇਰੇ ਨੇੜੇ ਲਿਆਂਦਾ। ਇਹ ਕੰਮ ਉਹਨਾਂ ਉਸ ਵੇਲੇ ਕੀਤਾ ਜਦੋਂ ਮੁਸਲਿਮ ਹਕੂਮਤ ਅਤੇ ਹਮਲਿਆਂ ਨਾਲ ਹਿੰਦੂਤਵ ਦੀ ਏਕਤਾ ਖੰਡਿਤ ਹੋ ਰਹੀ ਸੀ। ਅਸੀਂ ਕੇਵਲ ਕੁਝ ਉੱਘੇ ਨਾਮ ਹੀ ਗਿਣਾ ਸਕਦੇ ਹਾਂ: ਪੰਜਾਬ ਦੇ ਨਾਟਕ ਆਸਾਮ ਦੇ ਸ਼ੰਕਰਦੇਵ, ਬੰਗਾਲ ਦੇ ਚੈਤਨਯ ਕਰਨਾਟਕ ਦੇ ਪੁਰੰਦਰਨਾਥ ਅਤੇ ਮਹਾਰਾਸ਼ਟਰ ਦੇ ਨਾਮਦੇਵ।

ਹੋਰ ਵੀ ਕਈ ਸਨ ਜੋ ਇੰਨੇ ਪ੍ਰਸਿਧ ਨਹੀਂ ਸਨ, ਤੇ ਨਾ ਹੀ ਇਨੇ ਸਰਬਵਿਆਪੀ ਪ੍ਰਭਾਵ ਵਾਲੇ ਸਨ। ਉਹਨਾਂ ਨੇ ਹਿੰਦੂ ਦਰਸ਼ਨ ਦੇ ਮੌਲਿਕ ਸੰਦੇਸ਼ ਨੂੰ ਫੈਲਾਇਆ ਅਤੇ ਉਸ ਦਰਸ਼ਨ ਦੇ ਬੁਨਿਆਦੀ ਸਿਧਾਂਤਾਂ ਨੂੰ ਵਰਤਮਾਨ ਯੁਗ ਵਾਸਤੇ ਉਚਿਤ ਰੂਪ ਵਿਚ ਢਾਲਿਆ ਅਤੇ ਉਸਦੀਆਂ ਕਈ ਰੂੜ੍ਹੀਵਾਦੀ ਧਾਰਨਾਵਾਂ ਦੂਰ ਕੀਤੀਆਂ। ਉਹਨਾਂ ਨੇ ਕਰਮ-ਕਾਂਡ ਦੀਆਂ ਕੁਰੀਤੀਆਂ ਸਮਾਜਕ ਵਿਚਾਰਾਂ ਅਤੇ ਆਚਾਰਾਂ ਦੀ ਆਲੋਚਨਾ ਕੀਤੀ। ਇਹ ਮਹਾਨ ਗੁਰੂ ਸਭ ਆਸਤਿਕ ਸਨ, ਈਸ਼ਵਰ-ਵਿਸ਼ਵਾਸੀ ਸਨ ਅਤੇ ਉਹਨਾਂ ਨੇ ਈਸ਼ਵਰ ਦੇ ਪ੍ਰਤੀ ਭਗਤੀ-ਭਾਵਨਾ ਦਾ ਪ੍ਰਚਾਰ ਕੀਤਾ, ਦੀਨ-ਦੁਖੀਆਂ ਦੀ ਸਵਾਰਥ-ਰਹਿਤ ਸੇਵਾ ਵਿਚ ਆਪਾ ਵਾਰਨ ਦਾ ਉਪਦੇਸ਼ ਦਿੱਤਾ। ਉਹਨਾਂ ਨੇ ਆਪਣੀ ਪੂਰੀ ਪ੍ਰਾਮਾਣਿਕਤਾ ਨਾਲ ਮਨੁਖ ਮਾਤਰ ਵਿਚ ਸਮਾਨਤਾ ਲਿਆਉਣ ਦਾ ਜਤਨ ਕੀਤਾ, ਹਾਲਾਂਕਿ ਉਸ ਵੇਲੇ ਹਿੰਦੂਆਂ ਵਿਚ ਜਾਤੀ-ਭੇਦ ਬਹੁਤ ਸੀ ਅਤੇ ਉਹ ਅਜੇਹੀ ਸਮਾਨਤਾ ਦੇ ਵਿਰੋਧੀ ਸਨ। ਕਈ ਗੱਲਾਂ ਵਿਚ ਇਹ ਗੁਰੂ ਮੀਤ ਬਾਹਰੋਂ ਆਏ ਧਰਮਾ ਦੇ ਸਭ ਸ੍ਰੇਸ਼ਠ ਅਤੇ ਉਤਮ ਵਿਚਾਰਾਂ ਦੀ ਖੁਲ੍ਹੇ ਦਿਲ ਨਾਲ ਸੁਆਗਤ ਕਰਦੇ ਸਨ। ਸਭ ਤੋਂ ਵਡੀ ਗਲ ਤਾਂ ਇਹ ਸੀ ਕਿ ਇਹ ਉਹ ਜਨ-ਸਾਧਾਰਣ ਨੂੰ ਬਹੁਤ ਪਿਆਰੇ ਸਨ। ਜਨਸਾਧਾਰਣ ਦੀਆਂ ਵਿਅਕਤੀਗਤ ਅਤੇ ਸਮਾਜਕ ਲੋੜਾਂ ਕੁਝ ਅਜੇਹੀਆਂ ਸਨ ਅਤੇ

ਉਹਨਾਂ ਨੂੰ ਅਧਿਆਤਮਕ ਭੁਖ ਵੀ ਬਹੁਤ ਸੀ।

ਭਾਰਤ ਦੇ ਹੋਰਨਾਂ ਭਾਸ਼ਾਈ ਇਲਾਕਿਆਂ ਵਾਂਗ ਮਹਾਰਾਸ਼ਟਰ ਵਿਚ ਵੀ ਧਰਮ-ਗੁਰੂਆਂ ਦੀ ਜਗਮਗ ਪਰੰਪਰਾ ਪਿਛਲੇ ਇਕ ਹਜ਼ਾਰ ਵਰ੍ਹਿਆਂ ਵਿਚ ਕਾਇਮ ਰਹੀ ਹੈ। ਜਿਵੇਂ ਕਿ ਭਾਰਤ ਦੇ ਹੋਰਨਾਂ ਪ੍ਰਾਂਤਾਂ ਵਿਚ ਹੋਇਆ ਹੈ,ਮਹਾਰਾਸ਼ਟਰ ਵਿਚ ਵੀ ਸਨਾਤਨੀ ਬ੍ਰਾਹਮਣਵਾਦੀ ਵੇਦਾਂਤ ਵਿਚਾਰਧਾਰਾ ਜਾਂ ਦਰਸ਼ਨ ਬਹੁਤ ਪ੍ਰਚਲਿਤ ਸੀ। ਕੁਝ ਹੋਰ ਵਿਚਾਰਧਾਰਾਵਾਂ ਵੀ ਜਨਤਾ ਦੇ ਬਹੁਤ ਵਡੇ ਹਿੱਸੇ ਵਿਚ ਪ੍ਰਚਲਿਤ ਸਨ, ਜਿਵੇਂ ਕਿ ਕਰਨਾਟਕ ਵਿਚ ਲਿੰਗਾਯਤ ਯਾ ਵੈਸ਼ਨਵ ਪੰਥ ਪੂਰੀ ਤਰ੍ਹਾਂ ਟਿਕਿਆ ਹੋਇਆ ਸੀ, ਯਾ ਬੰਗਾਲ ਵਿਚ ਸਹਿਜੀਆਂ ਪੰਥ ਮਧਜੁਗ ਵਿਚ ਪ੍ਰਚਲਿਤ ਸੀ ਜੋ ਬਾਦ ਵਿਚ ਵੈਸ਼ਣਵ ਧਰਮ ਅਤੇ ਕਰਤਾਭਜ ਪੰਥ ਵਿਚ ਸਮਾ ਗਿਆ। ਮਹਾਰਾਸ਼ਟਰ ਵਿਚ ੧੩ਵੀਂ ਸਦੀ ਦੇ ਮੁਕੰਦਰਾਇ ਨਾਮਕ ਵੇਦਾਂਤ ਗੁਰੂ ਨੇ ਮਹਾਨ ਬ੍ਰਾਹਮਣਵਾਦੀ ਪਰੰਪਰਾ ਦੀ ਹੌਸਲਾ ਅਫ਼ਜ਼ਾਈ ਕੀਤੀ। ਅਤੇ, ਫੇਰ ੧੨ਵੀਂ ਸਦੀ ਦੇ ਅੰਤ ਵਿਚ ਗਿਆਨੇਸ਼ਵਰ ਆਏ। ਮੁਕੰਦਰਾਇ ਦੇ ਇਕ ਬਿਰਧ ਸਮਕਾਲੀ ਸਨ ਚਕ੍ਰਧਰ ਜੋ ਕਿ ਕ੍ਰਿਸ਼ਨ ਭਗਤੀ ਅਤੇ ਪੌਰਾਣਕ ਸੰਤ ਅਤੇ ਗੁਰੂ ਦੱਤਾਤ੍ਰੇਯ ਦੀ ਭਗਤੀ ਵਿਚ ਕੇਂਦ੍ਰਿਤ ਮਧਜੁਗੀ ਪੰਥ ਦੇ ਮੋਢੀ ਸਨ। ਇਸ ਪੰਥ ਦਾ ਇਕ ਵਿਸ਼ੇਸ਼ ਲੱਛਣ ਸੀ ਮੂਰਤੀਪੂਜਾ ਦਾ ਨਿਸ਼ੇਧ। ਕਿਸੇ ਕਾਰਣ ਮਹਾਨੁਭਾਵ ਪੰਥ ਵਿਸ਼ੇਸ਼ ਲੋਕਪ੍ਰਿਯ ਨਾ ਹੋ ਸਕਿਆ। ਇਸ ਤੋਂ ਛੁਟ ਇਸ ਪੰਥ ਦਾ ਉਪਦੇਸ਼ ਇਕ ਗੋਝ ਭਾਸ਼ਾ ਅਤੇ ਸੰਕੇਤ ਲਿਪੀ ਵਿਚ ਬੰਦ ਰਿਹਾ ਜਿਸ ਕਾਰਣ ਉਹ ਜਨਤਾ ਦੀ ਦ੍ਰਿਸ਼ਟੀ ਤੋਂ ਹੋਰ ਵੀ ਪਰੇਖੇ ਹੋ ਗਿਆ।

ਮਹਾਰਾਸ਼ਟਰ ਵਿਚ ਗਿਆਨੇਸ਼ਵਰ ਦੇ ਬਾਦ ਪਾਰੰਪਰਕ ਬ੍ਰਾਹਮਣਵਾਦੀ ਹਿੰਦੂਤਵ ਦਾ ਪ੍ਰਗਟਾਵਾ ਵਡੇ ਵਡੇ ਧਾਰਮਿਕ ਗੁਰੂਆਂ ਦੀ ਮਾਲਾ ਦੇ ਰੂਪ ਵਿਚ ਹੋਇਆ : ਨਾਮਦੇਵ (ਚੌਧਵੀਂ ਸਦੀ ?), ਏਕਨਾਥ ਸੁਆਮੀ (੧੪੪੮-੧੫੯੯), ਤੁਕਾਰਾਮ (੧੫੮੮-੧੬੪੯) ਅਤੇ ਸਮਰਥ ਰਾਮਦਾਸ (੧੬੦੮-੧੬੮੨) ਇਹਨਾਂ ਗੁਰੂਆਂ ਦੀ ਵਿਸ਼ੇਸ਼ਤਾ ਇਹ ਸੀ ਕਿ ਇਹਨਾਂ ਨੂੰ ਹਿੰਦੂ ਧਰਮ-ਗ੍ਰੰਥਾਂ ਦਾ ਚੋਖਾ ਗਿਆਨ ਸੀ। ਨਾਲੇ ਇਹਨਾਂ ਦੇ ਉਪਦੇਸ਼ਾਂ ਦੀ ਪੱਧਤੀ ਅਜੇਹੀ ਸੀ ਤੇ ਇਹਨਾਂ ਨੇ ਲੋਕ ਬੋਲੀ ਵੀ ਕੁਝ ਇਸ ਪ੍ਰਕਾਰ ਵਰਤੀ ਕਿ ਇਹਨਾਂ ਦਾ ਉਪਦੇਸ਼ ਜਨਤਾ ਤਕ ਪਹੁੰਚਿਆ। ਗਿਆਨੇਸ਼ਵਰ ਨੇ ਆਪਣਾ ਮਹਾਨ ਗ੍ਰੰਥ ਗਿਆਨੇਸ਼ਵਰੀ ਲਿਖਿਆਂ ਜੋ ਕਿ ਭਗਵਤ ਗੀਤਾ ਉਪਰ ਮਰਾਠੀ ਭਾਸ਼ ਹੈ। ਪਰ ਇਹ ਗ੍ਰੰਥ ਉੱਚੀ ਸੰਸਕ੍ਰਿਤਮਈ ਭਾਸ਼ਾ ਵਿਚ ਹੈ ਅਤੇ ਉਸਨੂੰ ਸਮਝਣਾ ਕਠਿਨ ਹੈ। ਇਸ ਲਈ ਉਹ ਬਹੁਤਾ ਕਰਕੇ ਵਿਦਵਾਨਾਂ ਦਾ ਹੀ ਗ੍ਰੰਥ ਬਣਿਆ ਰਿਹਾ। ਉਹਨਾਂ ਦੇ ਬਾਦ ਉਸੇ ਮਾਲਾ ਵਿਚ ਆਏ ਧਰਮ ਗੁਰੂਆਂ ਦੀ ਅਰਥਾਤ ਨਾਮਦੇਵ, ਏਕਨਾਥ ਤੁਕਾਰਾਮ ਅਤੇ ਰਾਮਦਾਸ ਦੀ ਮੁਖ ਵਿਸ਼ੇਸ਼ਤਾ ਇਹ ਸੀ ਕਿ ਉਹ ਜਨਸਾਧਾਰਣ ਦੀ ਪੱਧਰ ਤਕ ਪਹੁੰਚ ਜਾਂਦੇ ਸਨ, ਅਪਣੇ ਸਰਲ ਪਦਾਂ ਅਤੇ ਗੀਤਾ ਵਿਚ ਆਪਣੇ ਦਿੱਬ ਅਨੁਭਵ ਦੇ ਮਹਾ-ਸਤਿ ਨੂੰ ਜਨਸਾਧਾਰਣ ਲਈ ਸੁਗਮ ਬਣਾ ਦੇਂਦੇ ਸਨ। ਇਸ ਪ੍ਰਕਾਰ ਉਹ ਭਾਰਤ ਦੇ ਉਪਦੇਸ਼ਕ ਗਾਇਕਾਂ ਦੇ ਉਸ ਮਹਾਨ ਸੰਗਮ ਦੇ ਇਕ ਅੰਗ

ਬਣ ਗਏ ਜਿਸ ਵਿਚ ਬੰਗਾਲ ਦੇ ਵੈਸ਼ਣਵ ਮਹਾਜਨ, ਆਸਾਮ ਦੇ ਏਕਸ਼ਰਣੀਆਂ ਗੁਰੂ ਅੰਤੇ ਕਵੀ, ਉੱਤਰ ਭਾਰਤ ਦੇ ਕਬੀਰ ਅਤੇ ਕਬੀਰ-ਪੰਥੀ, ਤੁਲਸੀਦਾਸ ਅਤੇ ਉਨ੍ਹਾਂ ਦੇ ਅਨੁਯਾਈ, ਰਾਜਸਥਾਨ ਦੇ ਨਰਸੀ ਮਹਿਤਾ ਅਤੇ ਦਾਦੂ ਅਤੇ ਸਿਖ ਗੁਰੂ ਅਤੇ ਉਨ੍ਹਾਂ ਦੇ ਪੰਜਾਬੀ ਅਨੁਯਾਈ । ਇਸਤੋਂ ਛੁਟ ਦੱਖਣ ਭਾਰਤ ਦੇ ਵੈਸ਼ਣਵ ਅਤੇ ਸ਼ੈਵ ਰਹਸਵਾ-ਦੀਆਂ ਦੀ ਆਪਣੀ ਪਰੰਪਰਾ ਹੈ, ਜਿਨ੍ਹਾਂ ਨੇ ਆਪਣੇ ਭਗਤੀ ਭਰੇ ਗੀਤਾਂ ਨਾਲ ਦੱਖਣ ਭਾਰਤ ਦਾ ਦਿਲ ਜਿਤ ਲਿਆ । ਉਦਾਹਰਣ ਵਜੋਂ ਤਮਿਲ ਦੇ ਸ਼ੈਵ ਨਾਯਨਮਾਰ ਅਤੇ ਵੈਸ਼ਤਵ ਆਲਵਾਰ ਅਤੇ ਉਨ੍ਹਾਂ ਦੇ ਬਾਦ ਅਰੁਣਗਿਰੀ ਨਾਥ, ਤਾਯੁਮਨਵਾਰ ਅਤੇ ਹੋਰ । ਵੀਰ ਸ਼ੈਵ ਉਪਦੇਸ਼ਕ ਅਤੇ ਗੀਤਕਾਰ (ਜਿਨ੍ਹਾਂ ਵਿਚ ਵੀਰ ਬਾਸਵੇਸ਼ਵਰ ਦਾ ਨਾਮ ਵੀ ਗਿਣਨਯੋਗ ਹੈ, ਖਾਸ ਕਰਕੇ ਆਪਣੇ ਵਚਨਾਂ ਸਦਕਾ ਵੀ ਉਲੇਖਜੋਗ ਹਨ । ਕੰਨ੍ਹੜ ਅਤੇ ਤੇਲਗੂ ਦੇ ਵੈਸ਼ਣਵ ਗੀਤਕਾਰ ਵੀ ਇਸੇ ਮਾਲਾ ਦੇ ਮਣਕੇ ਹਨ । ਵੈਸ਼ਣਵ ਗੀਤਕਾਰਾਂ ਵਿਚ ਪੁਰੰਦਰਦਾਸ ਅਤੇ ਤਿਆਗਰਾਜ ਦਾ ਨਾਮ ਵਰਣਨਜੋਗ ਹੈ ।

ਮਹਾਰਾਸ਼ਟਰੀ ਸੰਤਾਂ ਵਿਚ ਨਾਮਦੇਵ ਵਿਸ਼ੇਸ਼ ਤੌਰ ਤੇ ਉੱਘਾ ਹੈ ਕਿਉਂਕਿ ਉਹਨਾਂ ਦਾ ਉਪਦੇਸ਼-ਕਾਰਜ ਕੇਵਲ ਆਪਣੇ ਪ੍ਰਦੇਸ਼ ਮਹਾਰਾਸ਼ਟਰ ਤਕ ਹੀ ਸੀਮਿਤ ਨਹੀਂ ਸੀ। ਉਹ ਇਕ ਗੁਰੂ ਨਾਨਕ ਚੈਤੰਨਯ ਅਤੇ ਸ਼ੰਕਰਦੇਵ ਵਾਂਗੂੰ ਅਖਿਲ ਭਾਰਤੀ ਵਿਅਕਤਿਤਵ ਵਾਲੇ ਸੰਤ ਸਨ । ਮਹਾਰਾਸ਼ਟਰ ਦੇ ਜੰਮਪਲ ਨਾਮਦੇਵ ਨੇ ਜੀਵਨ ਦਾ ਬਹੁਤ ਸਾਰਾ ਭਾਗ ਉੱਤਰ ਭਾਰਤ ਵਿਚ ਖਾਸ ਕਰਕੇ ਪੰਜਾਬ ਵਿਚ, ਬਤੀਤ ਕੀਤਾ । ਓਥੋਂ ਦੇ ਜਨਸਾਧਾਰਣ ਨੇ ਉਸਨੂੰ ਅਜੇਹੇ ਗੁਰੂ ਦੇ ਨਾਤੇ ਅਪਨਾਇਆ ਜਿਸ ਉਪਰ ਈਸ਼ਵਰ ਦੀ ਕਿਰਪਾ ਹੋਈ ਅਤੇ ਜੋ ਉਤਰ ਭਾਰਤ ਅਤੇ ਪੰਜਾਬ ਦੀ ਜੀਵਨ-ਪਰੰਪਰਾ ਦਾ ਅੰਗ ਬਣ ਗਿਆ । ਫੇਰ ਵੀ ਇਹ ਅਸਚਰਜ ਵਾਲੀ ਗਲ ਹੈ ਕਿ ਉਨ੍ਹਾਂ ਦੇ ਜੀਵਨ ਅਤੇ ਯਾਤ੍ਰਾ ਬਾਰੇ ਨਿਸਚਿਤ ਤੱਥ ਪ੍ਰਾਪਤ ਨਹੀਂ । ਉਹ ਕਿਸ ਸਮੇਂ ਹੋਏ, ਇਸ ਬਾਰੇ ਵੀ ਵਿਵਾਦ ਹੈ । ਆਮ ਵਿਸ਼ਵਾਸ ਦੇ ਅਨੁਸਾਰ ਨਾਮਦੇਵ ਗਿਆਨੇਸ਼ਵਰ ਦੇ ਸਮਕਾਲੀ ਸਨ । ਇਸ ਵਿਸ਼ਵਾਸ ਨੂੰ ਸਹਿਜੇ ਹੀ ਰਦ ਨਹੀਂ ਕੀਤਾ ਜਾ ਸਕਦਾ । ਨਾਮਦੇਵ ਅਤੇ ਗਿਆਨਦੇਵ ਲਗਭਗ ਇਕੋ ਸਮੇਂ ਜਨਮੇ । ਪਰ ਉਨ੍ਹਾਂ ਦੀ ਮਰਾਠੀ ਭਾਸ਼ਾ ਅਤੇ ਸ਼ੈਲੀ ਵਿਚ ਬਹੁਤ ਅੰਤਰ ਹੈ । ਇਸੇ ਲਈ ਰਾਮਕ੍ਰਿਸ਼ਨ ਗੋਪਾਲ ਭੰਡਾਰਕਰ ਆਦਿ ਵਿਦਵਾਨ ਨਾਮਦੇਵ ਦਾ ਸਮਾਂ ਗਿਆਨੇਸ਼ਵਰ ਤੋਂ ਸੌ ਵਰ੍ਹੇ ਬਾਦ ਦਾ ਮੰਨਦੇ ਹਨ । ਨਾਮਦੇਵ ਦੀਆਂ ਜੋ ਜੀਵਨੀਆਂ ਪ੍ਰਚਲਿਤ ਹਨ, ਉਨ੍ਹਾਂ ਤੋਂ ਵੀ ਸਾਨੂੰ ਬਹੁਤਾ ਗਿਆਨ ਨਹੀਂ ਮਿਲਦਾ । ਇਹ ਜੀਵਨੀਆਂ ਸੰਤ ਦੇ ਜੀਵਨ ਦੀ ਸੁਵਰਣ ਗਾਥਾ ਦੇ ਰੂਪ ਵਿਚ ਹਨ, ਉਹ ਕਿਸੇ ਕਵੀ ਜਾਂ ਉਪਦੇਸ਼ਕ ਦੇ ਗੰਭੀਰ ਜੀਵਨ-ਚਰਿਤ੍ਰ ਦੇ ਰੂਪ ਵਿਚ ਨਹੀਂ ਹਨ । ਆਮ ਤੌਰ ਤੇ ਨਾਮਦੇਵ ਦੇ ਜੀਵਨ ਅਤੇ ਮਿਰਤੂ ਦੀਆਂ ਜੋ ਤਿੱਥੀਆਂ ਵਿਦਵਾਨਾਂ ਦੇ ਮੰਨ ਲਈਆਂ ਹਨ, ਉਹ ੧੨੭੦ ਅਤੇ ੧੩੫੦ ਈਸਵੀਂ ਹਨ । ਪਰੰਪਰਾਗਤ ਤਿਥੀਆਂ ਵੀ ਇਹੋ ਹਨ । ਸ਼ਾਇਦ ਨਾਮਦੇਵ ਦਾ ਪ੍ਰਤੱਖ ਰਚਨਾਕਾਲ ਪੰਦਰ੍ਹਵੀਂ ਸਦੀ ਦਾ ਪਹਿਲਾ ਅੱਧ ਹੈ । ਨਾਮਦੇਵ ਦੇ ਨਾਮ ਨਾਲ ਸੰਬੰਧਿਤ

ਜੋ ਕਵਿਤਾਵਾਂ ਅਤੇ ਗੀਤ ਹਨ, ਉਹ ਨਿਸਚੇ ਹੀ ਪੁਰਾਣੀ ਹਿੰਦੀ ਅਤੇ ਗੁਰੂ ਗ੍ਰੰਥ (ਗ੍ਰੰਥ ਸਾਹਿਬ, ਆਦਿ ਗ੍ਰੰਥ) ਦੀ ਪੰਜਾਬੀ ਬੋਲੀ ਦੇ ਮਿਸ਼ਰਣ ਤੋਂ ਬਣੀ ਭਾਸ਼ਾ ਵਿਚ ਹਨ। ਕੁਝ ਪਦ ਸ਼ੁਧ ਹਿੰਦੀ ਅਤੇ ਮਰਾਠੀ ਵਿਚ ਹਨ। ਹਿੰਦੀ, ਪੰਜਾਬੀ ਅਤੇ ਮਰਾਠੀ ਤਿਨੋਂ ਪਰੰਪਰਾਵਾਂ ਨਾਮਦੇਵ ਦੇ ਜੀਵਨ-ਤੱਥਾਂ ਬਾਰੇ ਸਹਿਮਤ ਨਹੀਂ। ਕੁਝ ਲੋਕ ਉਨ੍ਹਾਂ ਨੂੰ ਗੁਰੂ ਨਾਨਕ ਦਾ ਸਮਕਾਲੀ ਮੰਨਦੇ ਹਨ ਜੋ ਕਿ ਲਗ ਭਗ ਪੰਦਰ੍ਹਵੀਂ ਸਦੀ ਦੇ ਅੰਤ ਦਾ ਸਮਾਂ ਹੈ। ਮਰਾਠੀ ਵਿਚ ਉਨ੍ਹਾਂ ਦੇ ੨,੫੦੦ ਪਦ ਜਾਂ ਕਾਵਿ-ਰਚਨਾਵਾਂ ਮੰਨੀਆਂ ਜਾਂਦੀਆਂ ਹਨ, ਅਤੇ ਹਿੰਦੀ ਵਿਚ ਤਕਰੀਬਨ ੨੧੪ ਪਦ ਹੁਣ ਤਕ ਛਪੇ ਹਨ। ਗੁਰੂ ਗ੍ਰੰਥ ਵਿਚ ੬੧ ਸ਼ਬਦ ਨਾਮਦੇਵ ਦੇ ਹਨ। ਨਾਮਦੇਵ ਦੀਆਂ ਮਰਾਠੀ, ਹਿੰਦੀ ਮਿਸ਼ਰਿਤ ਹਿੰਦੀ-ਪੰਜਾਬੀ ਆਦਿ ਭਾਸ਼ਾ ਵਿਚਲੀਆਂ ਰਚਨਾਵਾਂ ਦੇ ਸ਼ੁਧ ਪਾਠ ਦੇ ਇਕ ਸੰਸਕਰਣ ਦੀ ਅਜੇ ਵੀ ਲੋੜ ਹੈ ਅਜੇਹਾ ਸੰਸਕਰਣ ਜਿੰਨੀ ਜਲਦੀ ਤਿਆਰ ਹੋ ਜਾਵੇ ਓਨਾ ਹੀ ਚੰਗਾ ਹੋਵੇਗਾ। ਪਰ ਅਸੀਂ ਅਨੇਕ ਵਿਦਵਾਨਾਂ ਦੁਆਰਾ ਪ੍ਰਕਾਸ਼ਿਤ ਨਾਮਦੇਵ ਦੇ ਸੰਕਲਨਾਂ ਵਾਸਤੇ ਉਨ੍ਹਾਂ ਦੇ ਕ੍ਰਿਤਗ ਹਾਂ। ਡਾ: ਪ੍ਰਭਾਕਰ ਮਾਚਵੇ ਦੀ ਅੰਗ੍ਰੇਜ਼ੀ ਅਤੇ ਪੰਜਾਬੀ ਵਿਚ ਪ੍ਰਕਾਸ਼ਿਤ ਪੁਸਤਕ ਨਾਮਦੇਵ 'ਜੀਵਨੀ ਅਤੇ ਕਵਿਤਾ' ਦੇ ਵਿਸ਼ੇਸ਼ ਤੌਰ ਤੇ ਰਿਣੀ ਹਾਂ। ਇਹ ਪੁਸਤਕ ਪੰਜਾਬੀ ਯੂਨੀਵਰਸਟੀ ਪਟਿਆਲਾ ਨੇ ਗੁਰੂ ਨਾਨਕ ਦੇ ਪੰਜ ਸੌਵੇਂ ਜਨਮ ਉਤਸਵ ਦੇ ਮੌਕੇ ਤੇ ਪ੍ਰਕਾਸ਼ਿਤ ਕੀਤੀ ਹੈ। ਇਸ ਪੁਸਤਕ ਵਿਚ ਨਾਮਦੇਵ ਦੇ ਜੀਵਨ ਅਤੇ ਉਪਦੇਸ਼ਾਂ ਸਬੰਧੀ ਤੱਥ ਅਤੇ ਅਨੁਮਾਨਾਂ ਦਾ ਵੇਰਵਾ ਬਹੁਤ ਉਪਯੋਗੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਸ ਪੁਸਤਕ ਵਿਚ ਨਾਮਦੇਵ ਦੇ ਭਗਤੀ-ਕਾਵਿ ਦਾ ਸਰੂਪ, ਮੁਕੰਮਲ ਗ੍ਰੰਥ-ਸੂਚੀਆਂ ਅਤੇ ਮਰਾਠੀ ਤੇ ਹਿੰਦੀ ਦੇ ਚੁਣੇ ਹੋਏ ਪਦਿਆਂ ਦਾ ਅੰਗਰੇਜ਼ੀ ਅਨੁਵਾਦ ਵੀ ਦਿਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਨਾਮਦੇਵ ਦੇ ਜੋ ੬੧ ਪਦ ਮਿਲਦੇ ਹਨ ਉਨ੍ਹਾਂ ਦਾ ਅਨੁਵਾਦ ਮੈਕਾਲਿਫ ਨੇ ਕੀਤਾ ਸੀ। ਡਾ: ਮਾਚਵੇ ਦੀ ਪੁਸਤਕ ਵਿਚ ਇਹ ਅਨੁਵਾਦ ਵੀ ਦਿਤਾ ਗਿਆ ਹੈ।

ਅਸੀਂ ਕਹਿ ਸਕਦੇ ਹਾਂ ਕਿ ਨਾਮਦੇਵ ਦੀ ਸਮਸਿਆ ਦਾ ਸਮਾਜ ਸ਼ਾਸਤਰੀ ਅਧਿਐਨ ਅਜੇ ਸ਼ੁਰੂ ਹੀ ਹੋਇਆ ਹੈ। ਡਾ: ਮਾਚਵੇ ਦਾ ਆਦਰਸ਼ ਸਾਹਮਣੇ ਰਖਕੇ ਹੋਰ ਵੇਰਵੇ ਸਹਿਤ ਅਧਿਐਨ ਕੀਤਾ ਜਾਣਾ ਚਾਹੀਦਾ ਹੈ। ਪਹਿਲੋਂ ਤਾਂ ਨਾਮਦੇਵ ਦੇ ਨਾਮ ਨਾਲ ਸਬੰਧਿਤ ਜੋ ਰਚਨਾਵਾਂ ਪ੍ਰਚਲਿਤ ਹਨ, ਉਨ੍ਹਾਂ ਦੀ ਪਰਖ ਕਰਕੇ ਨਾਮਦੇਵ ਦੇ ਸ਼ੁਧ ਪਾਠ ਵਾਲੇ ਪਦੇ ਨਿਸਚਿਤ ਕਰ ਲੈਣੇ ਚਾਹੀਦੇ ਹਨ।

ਕਈ ਧਾਰਮਕ ਸੰਤਾਂ ਅਤੇ ਉਪਦੇਸ਼ਕਾਂ ਵਾਂਗ, ਖਾਸ ਕਰਕੇ ਉਨ੍ਹਾਂ ਸੰਤਾਂ ਵਾਂਗ ਜਿਨ੍ਹਾਂ ਨੇ ਆਪਣੇ ਗੀਤਾਂ ਰਾਹੀਂ ਪ੍ਰਚਾਰ ਕੀਤਾ ਅਤੇ ਸਿਖਿਆਵਾਂ ਦਿੱਤੀਆਂ, ਨਾਮਦੇਵ ਦੇ ਧਾਰਮਿਕ ਵਿਸ਼ਵਾਸਾਂ ਦੇ ਵਿਕਾਸ ਦਾ ਨਕਸ਼ਾ ਪੇਸ਼ ਕਰਨ ਦਾ ਜਤਨ ਕੀਤਾ ਜਾਂਦਾ ਹੈ। ਅਜੇਹੀ ਰੂਪ-ਰੇਖਾ ਦਾ ਆਧਾਰ ਉਹ ਕਾਵਿ-ਰਚਨਾਵਾਂ ਹੁੰਦੀਆਂ ਹਨ ਜੋ ਉਨ੍ਹਾਂ ਦੇ ਨਾਮ ਉਪਰ ਪ੍ਰਚਲਿਤ ਹਨ। ਇਨ੍ਹਾਂ ਕਵਿਤਾਵਾਂ ਦੇ ਵਿਸ਼ੇ-ਵਸਤੂ ਅਤੇ ਰੂਪ-ਸ਼ਿਲਪ ਨੂੰ

ਆਧਾਰ ਬਣਾਇਆ ਜਾਂਦਾ ਹੈ। ਇਹ ਵੀ ਸੁਝਾਇਆ ਗਿਆ ਹੈ, (ਭਾਵੇਂ ਇਹ ਗੱਲ ਪੂਰੀ ਤਰ੍ਹਾਂ ਸਿਧ ਨਹੀਂ ਕੀਤੀ ਜਾ ਸਕੀ) ਕਿ ਨਾਮਦੇਵ ਪਹਿਲਾਂ ਇਕ ਮਾਨਵ ਦੇ ਰੂਤ ਵਿਚ ਅਵਤਰਿਤ ਸਗੁਣ ਈਸ਼ਵਰ ਦੇ ਪੁਜਾਰੀ ਸਨ। ਸ਼ੋਲਾਪੁਰ ਦੇ ਜ਼ਿਲੇ ਵਿਚ ਪ੍ਰਸਿੱਧ ਮਹਾਂਰਾਸ਼ਟਰੀ ਤੀਰਥ ਪੰਢਰਪੁਰ ਦੇ ਮੰਦਿਰ ਵਿਚ ਵਿੱਠਲ ਦੇ ਰੂਪ ਵਿਚ ਪੂਜੇ ਜਾਣ ਵਾਲੇ ਵਿਸ਼ਨੂੰ ਦੇ ਪ੍ਰਤੀ ਉਨ੍ਹਾਂ ਨੇ ਆਪਣੀ ਸ੍ਰੇਸ਼ਠ ਭਗਤੀ ਪ੍ਰਗਟ ਕੀਤੀ ਹੈ, ਅਜੇਹਾ ਮਹਾਂਰਾਸ਼ਟਰ ਵਿਚ ਮੰਨਿਆ ਜਾਂਦਾ ਹੈ। ਬਾਦ ਵਿਚ ਉਨ੍ਹਾਂ ਦੀ ਧਾਰਮਿਕ ਵਿਚਾਰਧਾਰਾ ਵਧੇਰੇ ਡੂੰਘੀ ਹੋ ਗਈ ਅਤੇ ਧਰਮ ਦੀ ਇਸ ਪ੍ਰਚਲਿਤ ਰੀਤੀ ਨਾਲ ਉਨ੍ਹਾਂ ਦੀ ਤਸੱਲੀ ਨਾ ਹੋਈ। ਇਸ ਪੌਰਾਣਿਕ ਭਗਤੀ ਦਾ ਆਧਾਰ ਸੀ ਪ੍ਰੇਮ ਅਤੇ ਸੁੰਦਰਤਾ ਦੇ ਪਰਮ ਨਿਧਾਨ ਮਾਨਵ ਰੂਪੀ ਈਸ਼ਵਰ। ਹੁਣ ਉਹ ਪਰਮੇਸ਼ਰ ਦੇ ਨਿਰਗੁਣ ਸਰੂਪ ਵਲ ਖਿਚੇ ਗਏ। ਇਸਦੇ ਬਾਦ ਉਨ੍ਹਾਂ ਨੇ ਜੋ ਗੀਤ ਅਤੇ ਪਦੇ ਲਿਖੇ ਉਹ ਵਧੇਰੇ ਪਰਪੱਕ ਹਨ। ਇਨ੍ਹਾਂ ਪਦਿਆਂ ਵਿਚ ਉਨ੍ਹਾਂ ਦੀ ਈਸ਼ਵਰ ਭਗਤੀ ਕਬੀਰ, ਰੱਜਬ ਦਾਦੂ, ਗੁਰੂਨਾਨਕ, ਹੋਰ ਸਿੱਖ-ਗੁਰੂਆਂ, ਅਤੇ ਦੂਸਰੇ ਨਿਰਗੁਣ ਸੰਤਾਂ ਵਰਗੀ ਹੋ ਗਈ। ਉਨ੍ਹਾਂ ਨੇ ਨਿਰਗੁਣ ਈਸ਼ਵਰ ਵਿਚ ਸ਼ਰਧਾ ਰਖਦੇ ਹੋਏ ਵੀ ਆਪਣੀ ਰਚਨਾ ਦੇ ਕਾਵਿ-ਗੁਣ ਅਤੇ ਸੁਹਜ-ਗੁਣ ਨੂੰ ਕਾਇਮ ਰਖਿਆ। ਉਨ੍ਹਾਂ ਦੇ ਪਿਛਲੇਰੇ ਪਦੇ ਉੱਤਰ ਭਾਰਤ ਵਿਚ ਰਚੇ ਗਏ ਸਨ। ਇਨ੍ਹਾਂ ਪਦਿਆਂ ਵਿਚ ਧਾਰਮਿਕ ਅਨੁਭਵ ਦਾ ਜੋ ਸਰੂਪ ਮਿਲਦਾ ਹੈ। ਉਹ ਸਿਖ ਧਰਮ ਦੇ ਅਨੁਯਾਈਆਂ ਲਈ ਅਤੇ ਸ਼ਾਇਦ ਗੁਰੂ ਨਾਨਕ ਲਈ ਵੀ ਖਿਚ੍ਦਾ ਵਿਸ਼ਾ ਬਣਿਆ ਹੋਵੇਗਾ, ਅਜੇਹਾ ਮੰਨਿਆ ਜਾ ਸਕਦਾ ਹੈ।

ਉਨ੍ਹਾਂ ਦੇ ਜੀਵਨ ਅਤੇ ਧਾਰਮਿਕ ਉਪਦੇਸ਼ਾਂ ਦੇ ਵਾਸਤਵਿਕ ਤੱਥ ਭਾਵੇਂ ਕੁਝ ਵੀ ਹੋਣ, ਇਸ ਵਿਚ ਕੋਈ ਸ਼ੰਕਾ ਨਹੀਂ ਕਿ ਮਧ ਜੁਗ ਦੀਆਂ ਮਹਾਨ ਧਰਮਿਕ ਸ਼ਖਸੀਅਤਾਂ ਵਿਚ ਨਾਮਦੇਵ ਇਕ ਸਨ। ਪੰਦਰ੍ਹਵੀਂ ਸਦੀ ਦੇ ਅੰਤ ਵਿਚ ਗੁਰੂ ਨਾਨਕ ਸੰਤ ਅਤੇ ਉਪਦੇਸ਼ਕ ਦੇ ਰੂਪ ਵਿਚ ਪ੍ਰਗਟ ਹੋਏ। ਉਨ੍ਹਾਂ ਦੇ ਪ੍ਰਕਾਸ਼ ਤੋਂ ਪਹਿਲਾਂ ਭਾਰਤ ਦੇ ਧਾਰਮਿਕ ਜੀਵਨ ਉਪਰ ਨਾਮਦੇਵ ਦੀ ਗਹਿਰੀ ਛਾਪ ਸੀ।

ਮਹਾਨ ਸੰਤ ਅਤੇ ਮਹਾਤਮਾ ਆਪਣੇ ਸੰਦੇਸ਼, ਅਮਰ ਉਪਦੇਸ਼, ਬਾਣੀ ਅਤੇ ਆਪਣੇ ਅਨੁਯਾਈਆਂ ਦੀ ਭਗਤੀ ਦੇ ਰੂਪ ਵਿਚ ਜੀਵਿਤ ਰਹਿੰਦੇ ਹਨ। ਭਾਰਤੀ ਪਰੰਪਰਾ ਜਨਮ-ਮਰਨ ਦੇ ਨਿਸਚਿਤ ਸੰਨ-ਸੰਮਤਾਂ, ਤਾਰੀਖਾਂ, ਤਿਥੀਆਂ ਅਤੇ ਇਤਿਹਾਸਕ ਤੱਥਾਂ ਦੇ ਬਾਰੇ ਵਿਸ਼ੇਸ਼ ਜਗਿਆਸੂ ਨਹੀਂ ਹੈ। ਕਿਉਂਕਿ ਕਦੀ ਚੰਦ੍ਰ-ਕਲਾਂ ਅਤੇ ਕਦੀ ਤਿਥ ਦੇ ਅਨੁਸਾਰ ਮਹੀਨੇ ਦਾ ਸੰਕੇਤ ਹੁੰਦਾ ਹੈ ਅਤੇ ਵਰ੍ਹੇ ਦਾ ਨਹੀਂ। ਪੂਰੇ ਵਡੇ ਜੀਵਨ ਦਾ ਕਾਰਜ-ਕਾਲ ਇਕ ਛਿਣ ਤੋਂ ਵਡੇਰੇ ਮੁਲ ਦਾ ਨਹੀਂ ਮੰਨਿਆ ਜਾਂਦਾ। ਭੌਤਿਕ ਜੀਵਨ ਦੇ ਵੇਰਵੇ ਆਮ ਤੌਰ ਤੇ ਅਖੋਂ ਉਹਲੇ ਕਰ ਦਿੱਤੇ ਜਾਂਦੇ ਹਨ। ਇਹੋ ਗਲ ਨਾਮਦੇਵ ਦੇ ਸੰਬੰਧ ਵਿਚ ਵਾਪਰੀ ਹੈ। ਪਰ ਅਸੀਂ ਉਨ੍ਹਾਂ ਦੀ ਕਾਵਿ-ਰਚਨਾ ਦੇ ਕ੍ਰਿਤੱਗ ਹਾਂ। ਇਹ ਕਾਵਿ-ਰਚਨਾਂ ਉਨ੍ਹਾਂ ਦੇ ਨਾਮ ਉਪਰ ਅਜ ਵੀ ਜਿਉਂਦੀ ਹੈ; ਖਾਸ ਤੌਰ ਤੇ, ਗੁਰੂ ਗ੍ਰੰਥ ਸਾਹਿਬ ਦੇ ੬੧ ਪਦੇ ਅਤੇ ਮਰਾਠੀ ਅਭੰਗ। ਮਰਾਠੀ ਅਤੇ ਹਿੰਦੀ ਪਦਿਆਂ

ਦਾ ਪੂਰਾ ਪਾਠ ਜਦੋਂ ਸ਼ੁਧ ਸੰਸਕਰਣ ਰਾਹੀਂ ਸਾਨੂੰ ਪ੍ਰਾਪਤ ਹੋਵੇਗਾ, ਅਸੀਂ ਇਸ ਮਹਾਨ ਸੰਤ ਦੇ ਸੰਦੇਸ਼ ਨੂੰ ਵਧੇਰੇ ਚੰਗੀ ਤਰ੍ਹਾਂ ਸਮਝ ਸਕਾਂਗੇ ।

ਫਿਰ ਵੀ ਇਕ ਮਹਾਨ ਭਗਤ ਅਤੇ ਉਪਦੇਸ਼ਕ ਨੂੰ ਅਸੀਂ ਆਪਣੀ ਸ਼ਰਧਾਂਜਲੀ ਅਰਪਿਤ ਕਰਦੇ ਹਾਂ । ਉਹ ਇਕ ਪ੍ਰਤਿਭਾਸ਼ਾਲੀ ਗਾਇਕ ਸਨ, ਜਿਨ੍ਹਾਂ ਨੂੰ ਦਿੱਬ ਦ੍ਰਿਸ਼ਟੀ ਪ੍ਰਾਪਤ ਹੋਈ ਸੀ ਅਤੇ ਜੋ ਅਨੰਤ ਨਾਲ ਜੁੜੇ ਹੋਏ ਸਨ । ਇਸ ਗੱਲ ਦੀ ਗਵਾਹੀ ਉਨ੍ਹਾਂ ਦੇ ਪਦਿਆਂ ਤੋਂ ਮਿਲਦੀ ਹੈ। ਉਹ ਇਕ ਸੰਤ ਸਨ ਅਤੇ ਭਾਰਤ ਨੂੰ ਏਕਤਾ ਦੇ ਸੂਤਰ ਵਿਚ ਪਰੋਣ ਵਾਲੇ ਮਹਾਂ ਪੁਰਖ ਵੀ ਸਨ । ਉਹ ਇਕ ਅਜੇਹੇ ਨਾਜ਼ੁਕ ਸਮੇਂ ਵਿਚ ਅਵਤਰਿਤ ਹੋਏ, ਜਦੋਂ ਕਿ ਭਾਰਤ ਦ ਧਾਰਮਿਕ ਅਤੇ ਸਭਿਆ-ਚਾਰਕ ਜੀਵਨ ਉਪਰ ਵਿਦੇਸ਼ੀ ਵਿਚਾਰਧਾਰਾ ਨੇ ਹੱਲਾ ਬੋਲਿਆ ਹੋਇਆ ਸੀ, ਜੀਵਨ ਸੰਘਰਸ਼ਮਈ ਸੀ ਅਤੇ ਅੰਦਰਲੀ ਵਿਦਿਆ ਅਤੇ ਭਗਤੀ ਦਾ ਪਤਨ ਹੋ ਰਿਹਾ ਸੀ। ਭਾਰਤੀ ਜੀਵਨ ਨੂੰ ਅੰਦਰ ਅਤੇ ਬਾਹਰ ਦੋਵੇਂ ਪਾਸੇ ਜੂਝਣਾ ਪੈ ਰਿਹਾ ਸੀ।

ਕਲਕੱਤਾ
੪, ਦਿਸੰਬਰ, ੧੯੭੦

ਸੁਨੀਤਿ ਕੁਮਾਰ ਚੈਟਰਜੀ
ਅਧਿੱਅਖ ਸਾਹਿਤ ਅਕਾਦੇਮੀ

# ਸੂਚੀ


੧. ਜੀਵਨੀ ਅਤੇ ਚਮਤਕਾਰ 15

੨. ਰਚਨਾ ਅਤੇ ਦਰਸ਼ਨ 46

੩. ਕਾਵਿਤ੍ਰ ਅਤੇ ਵਿਅਕਤ੍ਰਿਤ 65

ਅੰਤਿਕਾ

ਨਾਮਦੇਵ ਰਚਿਤ ਗ੍ਰੰਥ ਸੂਚੀ 88

ਨਾਮਦੇਵ ਸਬੰਧੀ ਗ੍ਰੰਥ ਸੂਚੀ 89

# ਨਾਮਦੇਵ

## ਜੀਵਨੀ ਅਤੇ ਚਮਤਕਾਰ

ਸ਼੍ਰੀ ਨਾਰਦਮੁਨੀ ਦਾ ਜੋ ਪੂਜਨੀਕ
ਓਹੋ ਨਾਮਦੇਵ ਦਾ
ਉਸਨੇ ਪ੍ਰਸਿੱਧ ਕੀਤਾ ਵਿੱਠਲ
ਇਹੋ ਵਡਗੁਣ ਨਾਮਦੇਵ ਦਾ ।

## ਉੱਚਾ ਅਤੇ ਉੱਤਮ

ਤੇਰ੍ਹਵੀਂ ਸਦੀ ਤੋਂ ਅਗਾਂਹ ਮਹਾਰਾਸ਼ਟਰ ਵਿਚ ਅਨੇਕ ਸਾਧੂ ਸੰਤ ਹੋਏ; ਉਨ੍ਹਾਂ ਸਾਰਿਆਂ ਵਿਚ ਸੰਤ ਨਾਮਦੇਵ ਕਾਲ-ਕ੍ਰਮ ਵਿਚ ਸਭ ਤੋਂ ਪਹਿਲਾਂ ਹਨ। ਉਨ੍ਹਾਂ ਦੇ ਅਨੇਕ ਗੁਣਾਂ ਉਪਰ ਧਿਆਨ ਦਿੱਤਾ ਜਾਵੇ ਤਾਂ ਵੀ ਉਨ੍ਹਾਂ ਨੂੰ ਮੁਢਲਾ ਸਥਾਨ ਦੇਣਾ ਪਵੇਗਾ। ਮਰਾਠੀ ਭਾਸ਼ਾ ਵਿਚ ਅਭੰਗ ਨਾਮ ਦਾ ਛੰਦ ਪ੍ਰਚਲਤ ਕਰਨ ਵਾਲੇ ਪ੍ਰਥਮ ਕਵੀ ਨਾਮਦੇਵ ਹੀ ਹਨ। ਕੇਵਲ ਮਰਾਠੀ ਵਿਚ ਹੀ ਨਹੀਂ, ਭਾਰਤ ਦੀਆਂ ਦੂਸਰੀਆਂ ਬੋਲੀਆਂ ਵਿਚ ਵੀ ਜਿਨ੍ਹਾਂ ਨੇ ਅਭੰਗ-ਰਚਨਾ ਨੂੰ ਰੂੜ੍ਹ ਕੀਤਾ, ਉਨ੍ਹਾਂ ਵਿਚ ਪਹਿਲੇ ਸੰਤ ਨਾਮਦੇਵ ਹੀ ਹਨ। ਸਿਖ ਧਰਮ ਦੀ ਨੀਂਹ ਰਖਣ ਵਾਲੇ ਗੁਰੂ ਨਾਨਕ ਦੇਵ ਨੇ ਵੀ ਨਾਮ-ਮਹਾਤਮ ਦੀ ਪ੍ਰੇਰਨਾ ਮੁਖ ਤੌਰ ਤੇ ਸੰਤ ਨਾਮ ਦੇਵ ਤੋਂ ਹੀ ਪ੍ਰਾਪਤ ਕੀਤੀ। ਏਨਾ ਹੀ ਨਹੀਂ, ਸਿੱਖਾਂ ਦੇ 'ਆਦਿ-ਗ੍ਰੰਥ' ਵਿਚ ਨਾਮਦੇਵ ਦੀ ਅਜੇਹੀ ਰਚਨਾ ਸ਼ਾਮਲ ਕੀਤੀ ਗਈ ਹੈ ਜੋ ਸਾਧਾ ਭਾਖਾ ਵਿਚ ਲਿਖੀ ਗਈ ਹੈ। ਇਸ ਸਾਧ ਭਾਖਾ, ਦੀ ਮਰਾਠੀ ਭਾਖਾ ਲਾਲ ਖਾਸੀ ਸਮਾਨਤਾ ਹੈ। ਨਾਮਦੇਵ ਦਾ ਕਾਰਜ-ਖੇਤਰ ਕੇਵਲ ਮਹਾਰਾਸ਼ਟਰ ਤਕ ਹੀ ਸੀਮਤ ਨਹੀਂ ਸੀ। ਨਰਮਦਾ ਦੇ ਉਤਰ ਵਾਲੇ ਪਾਸੇ ਠੇਠ ਅਜ ਦੇ ਪੰਜਾਬ ਤਕ ਨਾਮਦੇਵ ਨੇ ਭਗਤੀ ਮਾਰਗ ਦਾ ਪ੍ਰਚਾਰ ਕੀਤਾ। ਉਤਰ ਭਾਰਤ ਵਿਚ ਭਗਤੀ-ਮਾਰਗ ਦਾ ਪ੍ਰਚਾਰ ਅਤੇ ਪ੍ਰਸਾਰ ਕਰਨ ਵਾਲੇ ਪਹਿਲੇ

ਮਾਹਾਰਸ਼ਟਰੀ ਸੰਤ ਦੇ ਨਾਤੇ ਨਾਮਦੇਵ ਦਾ ਨਾਮ ਹੀ ਲਿਆ ਜਾਣਾ ਚਾਹੀਦਾ ਹੈ । ਮਹਾਰਾਸ਼ਟਰ ਦੇ ਸੰਤਾਂ ਵਿਚ ਨਾਮਦੇਵ ਨੇ ਸਭ ਤੋਂ ਵਡੀ ਉਮਰ ਭੋਗੀ। ਬਚਪਨ ਤੋਂ ਲੈ ਕੇ ਜੀਵਨ ਦੇ ਅੰਤ ਕਾਲ ਤਕ ਉਨ੍ਹਾਂ ਨੇ ਹਮੇਸ਼ਾ ਵਿੱਠਲ-ਭਗਤੀ ਦਾ ਹੀ ਪੱਖ ਪੂਰਿਆ, ਨਾਰਦਮੁਨੀ ਵਾਂਗ ਨਾਮਦੇਵ ਨੇ ਭਗਵਾਨ ਦੀ ਭਗਤੀ ਦਾ ਵਰਤ ਧਾਰਨ ਕੀਤਾ ਅਤੇ ਈਸ਼ਵਰ ਦੇ 'ਵਿਠਲ' ਨਾਮ ਨੂੰ ਪ੍ਰਸਿੱਧ ਕੀਤਾ—ਮੰਨੇ ਪਟਮੰਨੇ ਕਵੀ ਮੋਰੋਪੰਤ ਦਾ ਇਹ ਕਥਨ ਬਿਲਕੁਲ ਸਚ ਹੈ ।

## ਨਾਮਦੇਵ ਨਾਮ ਦੀ ਸਾਰਥਕਤਾ

ਨਾਮਦੇਵ ਇਕ ਸਮਾਸਕ ਸ਼ਬਦ ਹੈ । ਇਸ ਦਾ ਅਰਥ ਹੈ: ਨਾਮ ਹੀ ਦੇਵ ਹੈ ! ਸੰਤ ਨਾਮਦੇਵ ਨੇ ਅਪਣੀ ਸੰਪੂਰਣ ਰਚਨਾ ਵਿਚ ਨਾਮ ਦੀ ਮਹਿਮਾ ਜਿੰਨੇ ਸੁਚੱਜ ਨਾਲ ਵਰਣਨ ਕੀਤੀ ਹੈ, ਸ਼ਾਇਦ ਹੀ ਕਿਸੇ ਹੋਰ ਸੰਤ ਨੇ ਕੀਤੀ ਹੋਵੇ :

ਨਾਮ ਵਿਚ ਹੀ ਨਰਾਇਣ ਹੈ । ਉਹ ਭਗਤਾਂ ਦੇ ਅਧੀਨ ਹੈ।
ਭਗਤੀ ਨ ਮੰਗੋ, ਨਾਮ ਵਿਚ ਹੀ ਚਾਰੇ ਮੁਕਤੀਆਂ ਹਨ ।
ਨਾਮ ਨ ਭੁਲੋ । ਉਹੋ ਸੁਰਗ ਵਿਚ ਨਿਸ਼ਾਨ ਹੈ ।
ਨਾਮਦੇਵ ਕਹਿੰਦੇ ਹਨ—
ਅਜੇਹੇ ਪ੍ਰਾਣੀ ਨਰਾਇਣ ਵਿਚ ਮਿਲ ਕੇ ਇਕਮਿਕ ਹੋ ਜਾਂਦੇ ਹਨ ।੭੯੯।

ਜੋ ਮੁਖ ਨਾਲ ਨਾਮ ਜਪਦੇ ਹਨ ਉਸਨੂੰ ਯਮਦੇਵ ਸੀਸ ਨਿਵਾਉਂਦੇ ਹਨ
ਕਾਲ ਆਦਿਕ ਉਸਨੂੰ ਸਮਾਨ ਰੂਪ ਨਾਲ ਡੰਡੌਤ ਕਰਦੇ ਹਨ
ਅਜੇਹਾ ਨਾਮ ਉਤਮ ਹੈ, ਸਭ ਤੋਂ ਵਡਾ ਹੈ
(ਨਾਮ ਦੇ) ਅੱਛੇ ਉਚਾਰਣ ਨਾਲ ਸੁਰਗ ਵਿਚ ਗੂੰਜ ਉਠਦੀ ਹੈ
ਉਸ ਨਾਮ-ਮਹਿਮਾ ਦਾ ਵਰਣਨ ਬ੍ਰਹਮਾ ਕਰਨ ਲੱਗੇ
ਉਸਨੂੰ ਆਦਿ ਅੰਤ ਦੀ ਉਪਮਾ ਹੀ ਨਾ ਸੁਝੀ
ਨਾਮ ਕਹਿੰਦਾ ਹੈ ਕਿ ਪਾਠ ਨਾਲ, ਨਾਮ ਦੀ ਹੀ ਰਾਹ ਨਾਲ
ਸਚ ਦੀ ਪ੍ਰਤੀਤੀ ਪ੍ਰਕਟ ਹੁੰਦੀ ਹੈ, ਹੇ ਵਿਠਲ ਹਰੀ ।੮੯੧।
ਨਹੀਂ ਚਾਹੀਦੀ ਤੇਰੀ ਮੁਕਤੀ, ਨਹੀਂ ਚਾਹੀਦੀ ਤੇਰੀ ਭਗਤੀ
ਮੈਨੂੰ ਤਾਂ ਬਿਸਰਾਮ ਹੀ ਦੂਸਰਾ ਹੈ
ਮੈਨੂੰ ਸਮਝ ਆ ਗਿਆ, ਸਮਝ ਆ ਗਿਆ
ਸਮਝ ਆ ਗਿਆ ਪ੍ਰੇਮ-ਸੁਖ

ਨਾ ਮੈਂ ਤੇਰਾ ਧਿਆਨ ਧਰਦਾ ਹਾਂ, ਨਾ ਮੈਨੂੰ ਬ੍ਰਹਮ-ਗਿਆਨ ਲਗਦਾ ਹੈ ।
ਮੇਰੀ ਤਾਂ ਹੈ ਨਿਸ਼ਾਨੀ ਹੀ ਕੁਝ ਹੋਰ ਹੀ
ਨਾ ਕਰਦਾ ਹਾਂ ਤੇਰੀ ਉਸਤਤਿ, ਨਾ ਵਰਣਨ ਕਰਦਾ ਹਾਂ ਕੀਰਤੀ
ਮੈਂ ਤਾਂ ਲੈ ਲਈ ਹੈ ਜੁਗਤਿ ਹੀ ਕੋਈ ਹੋਰ
ਨਾ ਕਰਦਾ ਹਾਂ ਕਾਇਆ-ਕਲੇਸ਼, ਨਾ ਰੋਕਦਾ ਹਾਂ ਇੰਦਰੀਆਂ ਨੂੰ
ਮੇਰਾ ਤਾਂ ਬੋਧ ਹੈ ਕੁਝ ਹੋਰ ਹੀ
ਨਾਮ ਕਹਿੰਦਾ ਹੈ ਕਿ ਮੈਂ ਨਾਮ ਗਉ' ਦਿਆਂਗਾ ਨਿਰਵਿਕਲਪ
ਆਵਾਂਗਾ ਅਪਣੇ ਆਪ (ਤੈਨੂੰ) ਖੋਜਦਾ ॥੧੨੨੨॥

ਭਗਤ ਅਤੇ ਮੋਖਿਆਰਥੀ ਦੋਹਾਂ ਵਾਸਤੇ ਨਾਮ ਹੀ ਸਭ ਕੁਛ ਹੈ । ਮੋਖ-ਪ੍ਰਾਪਤੀ ਅਤੇ ਈਸ਼ਵਰ-ਪ੍ਰਾਪਤੀ ਦਾ ਇਹ ਇਕੋ ਇਕ ਸਾਧਨ ਹੈ—ਅਜੇਹਾ ਨਾਮਦੇਵ ਨੇ ਬਾਰ ਬਾਰ ਸਮਝਾ ਦਿੱਤਾ ਹੈ । ਜੇਕਰ ਨਾਮ-ਮਹਾਤਮ ਨਾਲ ਸੰਬੰਧਿਤ ਉਨ੍ਹਾਂ ਦੇ 'ਅਭੰਗਾਂ' (ਪਦਿਆਂ)ਉਪਰ ਧਿਆਨ ਦੇਵੀਏ ਤਾਂ ਪਤਾ ਲਗਦਾ ਹੈ ਮਾਨੋ ਆਪਣੇ ਨਾਮ ਦੀ ਸਾਰਥਕਤਾ ਸਿੱਧ ਕਰਨ ਲਈ ਹੀ 'ਨਾਮਾ ਕਹੇ' ਦਾ ਇਤਨਾ ਵੱਡਾ ਵਿਸਤਾਰ ਉਨ੍ਹਾਂ ਨੇ ਕੀਤਾ ਹੈ।

## ਨਾਮਦੇਵ ਦੀ ਜੀਵਨੀ

ਸੰਤ ਨਾਮਦੇਵ ਦੀ ਜੀਵਨੀ ਬਾਰੇ ਅਨੇਕ ਵਾਦ ਹਨ : ਉਨ੍ਹਾਂ ਦਾ ਮੁਢਲਾ ਪਿੰਡ ਕਿਹੜਾ ਸੀ ? ਉਨ੍ਹਾਂ ਦਾ ਜਨਮ ਕਦੋਂ, ਕਿੱਥੇ ਅਤੇ ਕਿੱਦਾਂ ਹੋਇਆ ? ਉਨ੍ਹਾਂ ਦੇ ਪਰਿਵਾਰ ਵਿਚ ਕੌਣ ਕੌਣ ਸਨ ? ਉਹ ਅਰੰਭ ਵਿਚ ਡਾਕੂ ਸਨ ਜਾਂ ਨਹੀਂ ? ਨਾਮਦੇਵ ਇਕ ਸਨ ਜਾਂ ਅਨੇਕ ? ਨਾਮਦੇਵ ਅਤੇ ਗਿਆਨਦੇਵ ਦਾ ਮੇਲ ਕਿਵੇਂ ਹੋਇਆ ? ਨਾਮਦੇਵ ਦੇ ਗੁਰੂ ਕੌਣ ਸਨ ? ਉਨ੍ਹਾਂ ਦੇ ਜੀਵਨ ਵਿਚ ਅਨੇਕ ਗੱਲਾਂ ਅਨਮੋਲ ਹਨ, ਇਨ੍ਹਾਂ ਵਿਚੋਂ ਸਚ ਕਿਵੇਂ ਨਿਤਾਰਿਆ ਜਾਵੇ ? ਨਾਮਦੇਵ ਦੇ ਨਾਮ ਨਾਲ ਜੋ ਅਨੇਕ ਕਰਾਮਾਤਾਂ ਪ੍ਰਚਲਿਤ ਹਨ, ਉਹ ਕਿੱਥੋਂ ਤਕ ਵਿਸ਼ਵਾਸ ਕਰਨਜੋਗ ਹਨ ? ਉਹ ਵਾਰਕਰੀ ਸੰਪਰਾਇ ਦੇ ਸੰਸਥਾਪਕ ਸਨ ਜਾਂ ਨਹੀਂ ? ਉਹ ਸਚਮੁਚ ਪੰਜਾਬ ਵਿਚ ਗਏ ਸਨ ਜਾਂ ਨਹੀਂ ? ਆਦਿ ਗ੍ਰੰਥ ਵਿਚ ਸ਼ਾਮਲ ਉਨ੍ਹਾਂ ਦੀ ਹੀ ਬਾਣੀ ਸ਼ਾਮਲ ਹੈ ਜਾਂ ਨਹੀਂ ?—ਇਹ ਅਤੇ ਇਨ੍ਹਾਂ ਵਰਗੇ ਹੋਰ ਅਨੇਕ ਵਾਦਾਂ ਦਾ ਨਿਬੇੜਾ ਕਰਨ ਵਾਲੇ ਗ੍ਰੰਥ ਬਹੁਤ ਵੱਡੀ ਗਿਣਤੀ ਵਿਚ ਰਚੇ ਗਏ ਹਨ । ਇਨ੍ਹਾਂ ਸਾਰੇ ਗ੍ਰੰਥਾਂ ਦੀ ਪਰਖ-ਪੜਤਾਲ ਕਰਨ ਦੇ ਬਾਦ ਅਸੀਂ ਇਕ ਅਜੇਹੀ ਜੀਵਨੀ ਪੇਸ਼ ਕਰ ਰਹੇ ਹਾਂ ਜੋ ਸਭ ਲਈ ਸੁਖੈਨ ਹੋਵੇ ।

## ਜਨਮ-ਸਥਾਨ-ਕਾਲ

ਨਾਮਦੇਵ ਦਾ ਜਨਮ ਪੰਡਰਪੁਰ ਵਿਚ ਤਾਰੀਖ ੨੬ ਅਕਤੂਬਰ, ੧੨੭੦ ਨੂੰ ਹੋਇਆ, ਉਨ੍ਹਾਂ ਦੇ ਪਿਤਾ ਦਾਮਾਸ਼ੇਟ ਸ਼ਿੰਪੀ ਅਤੇ ਮਾਂ ਗੋਣਾਈ ਪਰਮਣੀ ਜ਼ਿਲੇ ਦੇ ਨਰਸੀ ਬਾਮਣੀ ਪਿੰਡ ਦੇ ਵਸਨੀਕ ਸਨ। ਪਰ, ਨਾਮਦੇਵ ਦੇ ਜਨਮ ਤੋਂ ਪਹਿਲਾਂ ਹੀ ਉਹ ਪੰਢਰਪੁਰ ਵਿਚ ਆ ਕੇ ਵਸ ਗਏ ਹਨ। ਪੰਢਰਪੁਰ ਵਿਚ ਗੋਣਾਈ ਨੇ ਵਿੱਠਲ ਦੀ ਸੁਖਣਾ ਸੁਖੀ। ਏਸ ਸੁਖਣਾ ਬਾਦ ਉਸਨੂੰ ਜਿਸ ਪੁਤਰ ਦੀ ਦਾਤ ਮਿਲੀ ਉਹ ਨਾਮਦੇਵ ਸੀ। ਇਸ ਸੰਬੰਧ ਵਿਚ ਜੋ ਅਨੇਕ ਆਧਾਰ ਹਨ, ਉਨ੍ਹਾਂ ਵਿਚ ਨਾਮਦੇਵ ਦੀ ਦਾਸੀ ਜਨਾਬਾਈ ਦੀ ਵੀ ਇਕ 'ਅਭੰਗ' ਪ੍ਰਸਿੱਧ ਹੈ :

ਲਿਵ ਲੱਗੀ ਜਦ ਅੰਬਾ ਦੀ, ਵਿਠਾਬਾਈ ਅਨੰਦੀ ਦੀ।
ਪੰਢਰਪੁਰ ਆਦਿ-ਸਥਾਨ। ਜਿਥੇ ਵਸਦਾ ਸੋਹਣਾ ਕਾਨ੍ਹ।
ਗੋਣਾਈ ਨੇ ਸੁਖੀ ਸੁਖਣਾ। ਦੇ ਦੇ ਮੈਨੂੰ ਪੁਤਰ-ਦਿਓਤਾ।
ਉਸਦੀ ਬਿਨਤੀ ਸ਼ੁਧ ਵੇਖ ਕੇ। ਪੇਟ 'ਚ ਆਏ ਨਾਮਦੇਵ।
ਦਾਮਾਸ਼ੇਟੀ ਹੋਇਆ ਪ੍ਰਸੰਨ। ਦਾਸੀ ਜਨੀ ਵੀ ਹੋਈ ਅਨੰਦ। ॥੨੨੩੩॥

ਸੰਤਾਂ ਦੀ ਜੀਵਨੀ ਦੇ ਲੇਖਕ ਮਹਿਪਤੀ ਨੇ ਵੀ ਆਪਣੇ ਗ੍ਰੰਥ 'ਭਗਤ-ਵਿਜੈ' ਵਿਚ ਲਿਖਿਆ ਹੈ ਕਿ ਨਾਮਦੇਵ ਅਜੂਨੀ-ਸੈਭੰ ਸਨ ਅਰਥਾਤ ਪ੍ਰਕਿਰਤਕ ਨੇਮਾਂ ਅਨੁਸਾਰ ਅਪਣੀ ਮਾਂ ਦੀ ਕੁਖ ਵਿਚੋਂ ਨਹੀਂ ਜਨਮੇ। ਭਾਗੀਰਥੀ ਨਦੀ ਵਿਚ ਇਕ ਸਿੱਪੀ ਤਰਦੀ ਤੁਰੀ ਜਾ ਰਹੀ ਸੀ। ਇਸੇ ਸਿੱਪੀ ਦੇ ਪੇਟ ਵਿਚ ਨਾਮਦੇਵ ਜੀ ਸਨ। ਦਾਮਾ ਅਤੇ ਗੋਣਾਈ ਨੂੰ ਨਾਮਦੇਵ ਜੀ ਇਸੇ ਅਵਸਥਾ ਵਿਚ ਪ੍ਰਾਪਤ ਹੋਏ। ਇਸ ਤਰ੍ਹਾਂ ਦਾ ਵਰਦਾਨ ਇਕ ਪੁਰਾਣੀ ਕਥਾ ਵਿਚ ਮਿਲਦਾ ਹੈ। ਸ਼ਿੰਪੀ ਨਾਮਦੇਵ ਦੀ ਜਾਤੀ ਸੀ। ਇਸ ਸ਼ਬਦ ਦੀ ਸਮਾਨਤਾ 'ਸਿੱਪੀ' ਨਾਲ ਹੈ। ਹੋ ਸਕਦਾ ਹੈ ਕਿਸੇ ਸ਼ਰਧਾਲੂ ਨੇ ਇਸੇ ਸਮਾਨਤਾ ਦੇ ਆਧਾਰ ਤੇ ਇਸ ਕਥਾ ਦੀ ਰਚਨਾ ਕੀਤੀ ਹੋਵੇ। ਦੁਨੀਆਂ ਦੇ ਮਹਾਪੁਰਖਾਂ ਦੀਆਂ ਜਨਮ-ਕਥਾਵਾਂ ਵਾਂਗ ਨਾਮਦੇਵ ਦੇ ਜਨਮ ਬਾਰੇ ਵੀ ਅਦਭੁਤ ਤੱਥ ਜੋੜ ਕੇ ਇਸ ਕਥਾ ਦੀ ਰਚਨਾ ਹੋਈ, ਅਜੇਹਾ ਕਥਨ ਸਹੀ ਹੋਵੇਗਾ। ਅਸਲ ਵਿਚ ਜਨਾਬਾਈ ਦੇ ਉਪਰੋਕਤ ਅਭੰਗ ਵਿਚ, ਆਪ ਨਾਮਦੇਵ ਦੀ ਬਾਣੀ ਵਿਚ ਅਤੇ ਕਈ ਹੋਰ ਸੰਤਾਂ ਦੀਆਂ ਰਚਨਾਵਾਂ ਵਿਚ ਸੰਕੇਤ ਮਿਲਦੇ ਹਨ ਕਿ ਨਾਮਦੇਵ ਦਾ ਜਨਮ ਪ੍ਰਾਕਿਰਤਕ ਰੂਪ ਵਿਚ ਹੀ ਹੋਇਆ ਤੇ ਇਹ ਜਾਣਕਾਰੀ ਕਾਫ਼ੀ ਭਰੋਸੇਜੋਗ ਹੈ।

ਨਾਮਦੇਵ ਦਾ ਜਨਮ ਭਗਤਾਂ ਦੇ ਕੁਲ ਵਿਚ ਹੋਇਆ; ਇਵੇਂ ਬਚਪਨ ਤੋਂ ਹੀ ਨਾਮਦੇਵ ਦੇ ਮਨ ਵਿਚ ਭਗਤੀ ਦਾ ਅੰਕੁਰ ਪ੍ਰਗਟ ਹੋਇਆ ਅਤੇ ਉਨ੍ਹਾਂ ਨੂੰ ਵਿੱਠਲ ਨਾਮ ਦੀ ਲਿਵ ਲੱਗੀ। ਉਹ ਯਾਰ੍ਹਾਂ ਵਰ੍ਹਿਆਂ ਦੇ ਹੀ ਸਨ ਕਿ ਉਨ੍ਹਾਂ ਦਾ ਵਿਆਹ ਗੋਬਿੰਦਸ਼ੇਟੀ ਸਦਾਵਰਤੇ ਦੀ ਧੀ ਨਾਲ ਹੋਇਆ। ਨਾਮਦੇਵ ਦੀ ਪਤਨੀ ਦਾ ਨਾਮ ਰਾਜਾਈ ਸੀ। ਵਿਆਹ ਦੇ ਬਾਦ ਵੀ ਉਨ੍ਹਾਂ ਦਾ ਮਨ ਅਪਣੇ ਪਰਿਵਾਰ ਵਿਚ ਜਾਂ ਅਪਣੇ ਪਿਤਾ-ਪੁਰਖੀ ਦਰਜੀ ਦੇ ਧੰਦੇ ਵਿਚ ਨਾ ਲੱਗਾ। ਹਥ ਵਿਚ ਖੜਤਾਲਾਂ ਤੇ ਮੂੰਹ ਵਿਚ ਵਿੱਠਲ ਦਾ ਨਾਮ ਲੈ ਕੇ ਪੰਢਰਪੁਰ ਦੇ ਮੰਦਰ ਵਿਚ ਰਾਤ ਦਿਨ ਭਜਨ ਦਾ ਉਹਨੂੰ ਸ਼ੁਦਾਅ ਸੀ। ਉਸ ਦੀ ਮਾਂ ਗੋਣਾਈ ਅਤੇ ਪਤਨੀ ਰਾਜਾਈ ਨੇ ਉਸਦੇ ਭਗਤੀ ਸੰਬੰਧੀ ਇਸ ਉਲਾਰ ਨੂੰ ਦੂਰ ਕਰਨ ਦਾ ਬਹੁਤ ਜਤਨ ਕੀਤਾ, ਪਰ ਉਸਦੀ ਭਗਤੀ-ਭਾਵਨਾ ਮੱਠੀ ਹੋਣ ਦੀ ਥਾਂ ਸਗੋਂ ਹੋਰ ਤੀਬਰ ਹੁੰਦੀ ਗਈ। ਨਾਮਦੇਵ ਨੇ ਆਪਣੀ ਇਹ ਪੂਰਬ-ਕਥਾ ਇਕ ਅਭੰਗ ਵਿਚ ਵਰਣਨ ਕੀਤੀ ਹੈ:

ਸ਼ਿੰਪੀ ਕੁਲ ਵਿਚ ਜਨਮ ਹੈ ਮੇਰਾ
ਪਰ ਮੇਰਾ ਮਨ ਰੱਤਾ ਸਦਾਸ਼ਿਵ ਵਿਚ
ਰਾਤ ਨੂੰ ਸੀਂਦਾ ਹਾਂ, ਦਿਨ ਨੂੰ ਸੀਂਦਾ ਹਾਂ
ਮੇਰੇ ਜੀਉ ਨੂੰ ਹੋਰ ਕੋਈ ਕੰਮ ਨਹੀਂ ਹੈ
ਸੂਈ ਅਤੇ ਸੂਤਲੀ, ਕੈਂਚੀ, ਗਜ਼, ਡੋਰਾ
ਸਾਰਾ ਪਸਾਰਾ ਸਦਾਸ਼ਿਵ ਵਿਚ ਹੈ
ਨਾਮਾ ਕਹਿੰਦਾ ਹੈ ਕਿ ਸ਼ਿਵ ਵਿਚ ਹੀ ਵਿਠੋਬਾ ਦਾ ਅੰਗ ਹੈ
ਉਸੇ ਨਾਲ ਮੈਂ ਦੁਨੀਆਂ ਵਿਚ ਧੰਨ ਹੋਇਆ ਹਾਂ ॥੯੬੬॥

(ਇਸ ਮੂਲ ਮਰਾਠੀ ਅਭੰਗ ਵਿਚ 'ਸਦਾਸ਼ਿਵੀ' ਸ਼ਬਦ ਦੋ ਅਰਥਾਂ ਵਿਚ ਵਰਤਿਆ ਗਿਆ ਹੈ : ਇਕ ਤਾਂ ਭਗਵਾਨ ਸ਼ਿਵ ਦਾ ਨਾਮ ਹੈ ਅਤੇ ਦੂਸਰਾ ਹਮੇਸ਼ਾ ਸੀਂਦਾ ਰਹਿਣ ਵਾਲਾ।)

ਨਾਮਦੇਵ ਦੇ ਚਾਰ ਪੁਤਰ ਸਨ ਅਤੇ ਉਸਦੀਆਂ ਚਾਰ ਨੂੰਹਾਂ ਵੀ ਘਰ ਵਿਚ ਆਈਆਂ। ਮਾਤਾ-ਪਿਤਾ, ਪਤੀ-ਪਤਨੀ, ਚਾਰ ਪੁਤਰ, ਚਾਰ ਨੂੰਹਾਂ ਅਤੇ ਇਕ ਲਿੰਬਾਈ ਨਾਮ ਦੀ ਧੀ, ਅਉਤਾਈ ਨਾਮ ਦੀ ਭੈਣ ਅਤੇ ਜਨਾਬਾਈ ਨਾਮ ਦੀ ਦਾਸੀ—ਕੁਲ ਪੰਦ੍ਰਾਂ ਜੀਆਂ ਦਾ ਇਹ ਪਰਿਵਾਰ ਸੀ। ਇਸ ਪਰਿਵਾਰ ਦਾ ਵਰਣਨ ਜਨਾਬਾਈ ਨੇ ਏਦਾਂ ਕੀਤਾ ਹੈ :

ਰਾਜਾਈ ਗੋਣਾਈ, ਦੋਵੇਂ ਨੂੰਹ-ਸੱਸ ।
ਦਾਮਾ ਨਾਮਾ ਪਿਉ-ਪੁਤਰ ।
ਲਾਡਾਈ, ਗੋਡਾਈ, ਯੇਸਾ, ਸਾਵਰਾਈ ।
ਚਾਰ ਨੂੰਹਾਂ ਨਾਮਾ ਦੀਆਂ ।
ਲਿੰਬਾਈ ਹੈ ਧੀ, ਅਉਤਾਈ ਭੈਣ ।
ਪਗਲੀ ਦਾਸੀ ਜਨੀ ਨਾਮਾ ਦੀ ।੨੩੭੬।

ਇਕ ਪਾਸੇ ਤਾਂ ਨਾਮਦੇਵ ਮਾਂ ਪਿਓ ਅਤੇ ਪਰਿਵਾਰ ਦੇ ਜੀਆਂ ਪਾਸੋਂ ਨਿੰਦਿਆ ਸੁਣਦੇ ਸਨ ਅਤੇ ਦੂਜੇ ਪਾਸੇ ਉਹ ਭਗਤੀ-ਮੰਦਰ ਦੀਆਂ ਪੌੜੀਆਂ ਚੜ੍ਹਦੇ ਜਾਂਦੇ ਸਨ। ਨਾਮਦੇਵ ਦਾ ਧਿਆਨ ਆਪਣੇ ਪਰਿਵਾਰ ਵਲੋਂ ਹਟਣ ਲਗ ਪਿਆ, ਪਰ ਨਾਲੋ ਨਾਲ ਪੰਢਰਪੁਰ ਦੀ ਚੰਦਰ-ਭਾਗਾਂ ਦੀ ਸਿਫਤਾਂ ਵਿਚ ਉਸਦੇ ਭਗਤੀ-ਸੰਸਾਰ ਦਾ ਵਿਕਾਸ ਅਤੇ ਵਿਸਤਾਰ ਹੋਣ ਲਗ ਪਿਆ ।

## ਨਾਮਦੇਵ ਦਾ ਪੂਰਬ ਚਰਿਤ੍ਰ

ਨਾਮਦੇਵ ਦੇ ਜਨਮ ਬਾਰੇ ਜਿਸ ਤਰ੍ਹਾਂ ਦੀਆਂ ਦੰਦ-ਕਹਾਣੀਆਂ ਪ੍ਰਚਲਿਤ ਹਨ, ਉਸੇ ਤਰ੍ਹਾਂ ਉਸ ਦੇ ਜੀਵਨ ਬਾਰੇ ਵੀ ਕਈ ਕਹਾਣੀਆਂ ਪ੍ਰਪੱਕ ਹਨ ਜਿਨ੍ਹਾਂ ਨਾਲ ਕਈ ਤਰ੍ਹਾਂ ਦੇ ਭੁਲੇਖੇ ਪੈਂਦੇ ਹਨ। ਨਾਮਦੇਵ ਜਵਾਨੀ ਵਿਚ ਡਾਕੂ ਸੀ ਅਤੇ ਬਾਦ ਵਿਚ ਉਹਨੂੰ ਪਛਤਾਵਾ ਹੋਇਆ ਅਤੇ ਉਹ ਭਗਤੀ ਵਲ ਮੁੜਿਆ—ਇਸ ਤਰ੍ਹਾਂ ਦਾ ਇਕ ਟਪਲਾ ਪ੍ਰਸਿੱਧ ਹੈ। ਇਸ ਟਪਲੇ ਦਾ ਮੁਖ ਆਧਾਰ ਨਾਮਦੇਵ ਦਾ ਇਕ ਅਭੰਗ ਹੈ ਜੋ ਨਿਰਸੰਦੇਹ ਅਸਲੀ ਨਹੀਂ। ਨਾਮਦੇਵ ਦੇ ਜੀਵਨ ਨੂੰ ਕੁਝ ਅਲੌਕਾਰ ਰੰਗਣ ਦੇਣ ਲਈ ਕਿਸੇ ਨੇ ਨਾਮਦੇਵ ਦੀ ਗਾਥਾ ਵਿਚ ਇਹ ਨਕਲੀ ਅਭੰਗ ਜੋੜ ਦਿੱਤਾ ਹੈ। ਨਾਮਦੇਵ ਦੀ ਜੀਵਨੀ ਦੇ ਹੋਰ ਵੀ ਸੋਮੇ ਹਨ । ਉਨ੍ਹਾਂ ਤੋਂ ਇਸ ਗਲ ਦਾ ਨਿੱਕਾ ਜੇਹਾ ਸਬੂਤ ਵੀ ਨਹੀਂ ਮਿਲਦਾ ਕਿ ਉਹ ਕਦੀ ਡਾਕੂ ਸੀ।

ਮਹਾਨੁਭਾਵਾਂ ਦੇ ਗ੍ਰੰਥ 'ਲੀਕਾਚਰਿਤ੍ਰ' ਗ੍ਰੰਥ ਵਿਚ ਇਕ ਅਧਿਆਇ ਹੈ ਜਿਸਦਾ ਨਾਮ ਹੈ 'ਵਿੱਠਲਵੀਰੁਕਥਨ।' ਉਸ ਅਧਿਆਇ ਵਿਚ ਨੇਮਦੇਵ ਨਾਮ ਦੇ ਇਕ ਕੋਰੀ (ਮਾਛੀ) ਦਾ ਜ਼ਿਕਰ ਹੈ ਜੋ ਧਾੜਵੀ ਸੀ । ਇਹ ਬੰਦਾ ਨਾਮਦੇਵ ਵਿੱਠਲ ਨਾਮ ਦੇ ਬ੍ਰਾਹਮਣ ਦਾ ਅਤੇ ਮ੍ਹਾਯਾ ਗੁਰਵ (ਪੁਜਾਰੀ) ਦਾ ਸਾਥੀ ਸੀ। ਕਿਹਾ ਜਾਂਦਾ ਹੈ ਕਿ ਇਹ ਤਿੰਨੇ ਜਣੇ ਚੋਰ ਸਨ। ਹੋ ਸਕਦਾ ਹੈ ਕਿ ਇਸੇ ਕਹਾਣੀ ਕਾਰਨ ਨੇਮਦੇਵ ਨੂੰ ਨਾਮਦੇਵ ਮੰਨ ਲਿਆ ਗਿਆ। ਪਰ, ਨੇਮਦੇਵ ਕੋਰੀ ਅਤੇ ਨਾਮਦੇਵ ਸ਼ਿੰਪੀ ਦੀ ਏਕਤਾ ਸਿੱਧ ਨਹੀਂ ਹੁੰਦੀ।

ਮਹਾਨੁਭਾਵ ਪੰਥ ਦੇ ਗ੍ਰੰਥ 'ਸਿਮ੍ਰਤੀਸਥਲ' ਵਿਚ ਉਲੇਖ ਹੈ ਕਿ ਵਿਸ਼ਨੂਦਾਸ

ਨਾਮਯਾ ਜਾਂ ਨਾਮਦੇਵ ਸ਼ਿੰਪਾ ਨੂੰ ਦਾਮੋਦਰ ਪੰਡਿਤ ਨੇ ਉਪਦੇਸ਼ ਦਿੱਤਾ। ਮਹਾਨੁਭਾਵਾਂ ਦੇ ਗ੍ਰੰਥ ਵਿਚ ਜਿਸ ਨਾਮਦੇਵ ਦਾ ਜ਼ਿਕਰ ਹੈ ਉਸਨੂੰ ਵੀ ਸੰਤ ਨਾਮਦੇਵ ਤੋਂ ਅਲਗ ਹੀ ਮੰਨਣਾ ਚਾਹੀਦਾ ਹੈ।

## ਨਾਮਦੇਵ ਇਕ ਜਾਂ ਅਨੇਕ ?

ਨਾਮਦੇਵ ਦੀਆਂ ਵਖੋ-ਵਖਰੀਆਂ ਅਭੰਗ-ਗਾਥਾਵਾਂ ਵਿਚ ਕੁਝ ਅਜੇਹੇ ਅਭੰਗ ਵੀ ਜੋੜ ਦਿਤੇ ਗਏ ਹਨ ਜਿਨ੍ਹਾਂ ਦੇ ਅੰਤ ਵਿਚ ਨਾਮਾ ਜਾਂ ਵਿਸ਼ਨੂਦਾਸ ਨਾਮਾ ਆਉਂਦਾ ਹੈ। ਇਨ੍ਹਾਂ ਗਾਥਾਵਾਂ ਵਿਚ ਸੰਤ ਨਾਮਦੇਵ ਦੇ ਅਭੰਗ ਕਿਹੜ ਹਨ ਅਤੇ ਨਕਲੀ ਅਭੰਗ ਕਿਹੜੇ ਹਨ ਇਸ ਦੀ ਪਰਖ ਕਰਨਾ ਅਤੇ ਸੱਚ ਨੂੰ ਨਿਤਾਰ ਲੈਣਾ ਬਹੁਤ ਮੁਸ਼ਕਲ ਹੈ। ਫੇਰ ਵੀ ਕੁਝ ਕਸਵੱਟੀਆਂ ਅਜੇਹੀਆਂ ਹਨ ਜਿਨ੍ਹਾਂ ਉਪਰ ਨਾਮਦੇਵ ਦੀ ਸੱਚੀ ਰਚਨਾ ਨੂੰ ਅਲਗ ਛਾਂਟਿਆ ਜਾ ਸਕਦਾ ਹੈ। ਇਹ ਕਸਵਟੀਆਂ ਹਨ—ਭਗਤੀ ਦਾ ਉਤਸ਼ਾਹ, ਪ੍ਰਤਿਭਾ ਦੀ ਧਾਰ, ਸ਼ੈਲੀ ਦੀ ਸਾਦਗੀ ਅਤੇ ਸ਼ਬਦਾਂ ਦੀ ਪ੍ਰਾਚੀਨਤਾ।

ਆਪ ਨਾਮਦੇਵ ਨੇ ਆਪਣੇ ਆਪ ਨੂੰ ਵਿਸ਼ਨੂਦਾਸ ਨਾਮਾ ਜਾਂ ਨਾਮਾ ਵਿਸ਼ਨੂ ਦਾਸ ਆਖਿਆ ਹੈ। ਪਰ 'ਵਿਸ਼ਨੂਦਾਸ ਨਾਮਾ' ਨਾਉਂ ਦੀ ਮਹਾਭਾਰਤ ਰਚਨਾ ਕਰਨ ਵਾਲਾ ਕਵੀ ਸੰਤ ਨਾਮਦੇਵ ਨਹੀਂ, ਕੋਈ ਹੋਰ ਹੈ। ਇਹ ਕਵੀ ਤਾਂ ਸੋਲ੍ਹਵੀ ਸਦੀ ਦੇ ਅੰਤ ਵਿਚ ਹੋਇਆ। ਉਹ ਆਪਣੇ ਆਪ ਨੂੰ ਬਿਪ ਅਤੇ ਪੰਡਿਤ ਕਹਿੰਦਾ ਹੈ। ਸੰਤ ਨਾਮ ਦੇਵ ਦੀ ਰਚਨਾ ਸਰਲ-ਸੁਖੈਨ ਅਤੇ ਸਿਧ-ਸਪਸ਼ਟ ਅਭੰਗਾਂ ਵਿਚ ਹੈ; ਉਹ ਵਿੱਠਲ ਦਾ ਭਗਤ ਹੈ। ਵਿਸ਼ਨੂਦਾਸ ਨਾਮ ਕ੍ਰਿਸ਼ਨ ਅਤੇ ਹੋਰਨਾਂ ਦੇਵਤਿਆਂ ਦੀ ਭਗਤੀ ਕਰਨ ਵਾਲਾ ਅਤੇ ਕੱਚੀ ਰਚਨਾ ਰਚਨ ਵਾਲਾ ਇਕ ਗੁਮਨਾਮ ਕਵੀ ਹੈ। ਨਾਮਦੇਵ ਦੀ ਬਾਣੀ ਸਹਿਜ ਹੈ ਅਤੇ ਉਸ ਵਿਚ ਨਿਤ ਨਵੀਂ ਆਮੁਹਾਰਤਾ ਦਾ ਆਵੇਸ਼ ਹੈ। ਇਸ ਦੇ ਉਲਟ ਵਿਸ਼ਨੂਦਾਸ ਨਾਮਾ ਦੀ ਭਾਸ਼ਾ ਸਚੇਤ ਵਿਚਾਰਾਂ ਨਾਲ ਜਕੜੀ ਹੋਈ ਹੈ। ਦੋਹਾਂ ਨੂੰ ਇਕ ਦੂਜੇ ਤੋਂ ਵਖ ਪਛਾਨਣਾ ਮੁਸ਼ਕਲ ਨਹੀਂ। ਅਜਕਲ੍ਹ ਦੇ ਖੋਜੀਆਂ ਨੇ ਵਿਖਾਇਆ ਹੈ ਕਿ ਸੰਤ ਨਾਮਦੇਵ ਅਪਣੇ ਕੁਝ ਅਭੰਗਾਂ ਵਿਚ ਆਪਣੇ ਨਾਮ ਦੇ ਨਾਲ ਵਿਸ਼ਨੂਦਾਸ ਵਿਸ਼ੇਸ਼ਣ ਜੋੜਦੇ ਹਨ। ਇਹ ਤਾਂ ਅਸਲ ਵਿਚ ਮਹਾਭਾਰਤ ਦੀ ਰਚਨਾ ਕਰਨ ਵਾਲੇ ਵਿਸ਼ਨੂਦਾਸਨਾਮਾ ਨੇ ਆਪਣਾ ਨਾਮ ਵਿਸ਼ੇਸ਼ਨਾਮ ਵਾਂਗੂ ਲਿਖਿਆ ਹੈ।

'ਅਸ਼ਵਮੇਧ ਪਰਵ' ਕਾਵਿ ਦੀ ਰਚਨਾ ਕਰਨ ਵਾਲਾ ਨਾਮਾ ਪਾਠਕ ਚੋਧਵੀਂ ਸਦੀ ਦੇ ਅੰਤ ਵਿਚ ਹੋਇਆ। ਇਸੇ ਤਰ੍ਹਾਂ ਨਾਮਦੇਵ ਦੀ ਗਾਥਾ ਵਿਚ 'ਨਾਮਾ ਯਸ਼ਵੰਤ' ਨਾਮ ਵਾਲੇ ਕੁਝ ਅਭੰਗ ਹਨ। ਇਹ ਦੋਵੇਂ ਕਵੀ ਵੀ ਸਤ ਨਾਮਦੇਵ ਤੋਂ ਅਲਗ ਮੰਨੇ ਜਾਣੇ ਚਾਹੀਦੇ ਹਨ।



116262
23/11/04
SHIMLA

ਨਾਮਦੇਵ ਇਕ ਸਨ ਜਾਂ ਅਨੇਕ, ਇਸ ਵਿਵਾਦ ਦੇ ਨਾਲ ਨਾਲ ਇਕ ਹੋਰ ਵਿਵਾਦ ਇਹ ਹੈ ਕਿ ਉਹ ਸ੍ਰੇਸ਼ਠ ਕਵੀ ਗਿਆਨੇਸ਼ਵਰ ਦੇ ਸਮਕਾਲੀ ਸਨ ਜਾਂ ਨਹੀਂ। ਪਰ. ਗਿਆਨੇਸ਼ਵਰ ਬਾਰੇ ਵੀ ਕਈ ਤਰ੍ਹਾਂ ਦੇ ਵਾਦ ਫੈਲੇ ਹੋਏ ਹਨ : ਗਿਆਨੇਸ਼ਵਰ ਇਕ ਸੀ ਜਾਂ ਅਨੇਕ ? ਉਹ ਕਦੇ ਹੋਇਆ ਵੀ ਜਾਂ ਨਹੀਂ ? ਇਨ੍ਹਾਂ ਵਿਚ ਇਕ ਮਤ ਅਜੇਹਾ ਹੈ ਕਿ 'ਗਿਆਨੇਸ਼ਵਰੀ' ਨਾਮਕ ਭਗਵਤਗੀਤਾ ਦੀ ਟੀਕਾ ਲਿਖਣ ਵਾਲਾ ਗਿਆਨੇਸ਼ਵਰ ਹੋਰ ਹੈ ਅਤੇ 'ਬਾਪਰਖੁਮਾਦੇਵੀਵਰ' ਨਾਮ ਨਾਲ ਅਭੰਗ-ਲੇਖਕ ਦੇ ਤੌਰ ਤੇ ਆਪਣਾ ਉਲੇਖ ਕਰਨ ਵਾਲਾ ਗਿਆਨੇਸ਼ਵਰ ਕੋਈ ਦੂਸਰਾ ਹੈ । ਇਹਨਾਂ ਦੋਹਾਂ ਵਿਚ ਅਭੰਗ ਲਿਖਣ ਵਾਲਾ ਗਿਆਨੇਸ਼ਵਰ ਨਾਮਦੇਵ ਦਾ ਸਮਕਾਲੀ ਸੀ।

ਇਕ ਦੂਸਰਾ ਮਤ ਇਹ ਵੀ ਹੈ ਕਿ ਗਿਆਨਦੇਵ ਅਤੇ ਨਾਮਦੇਵ ਸਮਕਾਲੀ ਹੋ ਹੀ ਨਹੀਂ ਸਕਦੇ ਕਿਉਂਕਿ ਨਾਮਦੇਵ ਦੇ ਮੁਕਾਬਲੇ ਵਿਚ ਗਿਆਨਦੇਵ ਦੀ ਭਾਸ਼ਾ ਵਧੇਰੇ ਪ੍ਰਾਚੀਨ ਹੈ। ਇਸ ਲਈ ਨਾਮਦੇਵ ਦਾ ਕਾਲ ਗਿਆਨੇਸ਼ਵਰ ਦੇ ਬਾਦ ਕਰੀਬ ਇਕ ਸਦੀ ਦੀ ਵਿਥ ਉਪਰ ਮੰਨਣਾ ਚਾਹੀਦਾ ਹੈ। ਇਸ ਮਤ ਦੀ ਪੁਸ਼ਟੀ ਲਈ ਕੁਝ ਦਲੀਲਾਂ ਸਬੂਤ ਵਜੋਂ ਪੇਸ਼ ਕੀਤੀਆਂ ਜਾਂਦੀਆਂ ਹਨ—ਨਾਮਦੇਵ ਦੇ ਅਭੰਗਾਂ ਵਿਚ ਮੁਸਲਮਾਨਾਂ ਦਾ ਉਲੇਖ ਹੈ; ਉਨ੍ਹਾਂ ਦੇ ਗੁਰੂ ਵਿਠੋਬਾ ਖੇਚਰ ਵੀ ਇਸਲਾਮ ਦੇ ਪ੍ਰਭਾਵ ਹੇਠ ਮੂਰਤੀ-ਪੂਜਾ ਦਾ ਵਿਰੋਧ ਕਰਦੇ ਹਨ । ਦੱਖਣ ਵਿਚ ਮੁਸਲਮਾਨਾਂ ਦੀ ਸੱਤਾ ਚੌਧਵੀਂ ਸਦੀ ਵਿਚ ਦ੍ਰਿੜ੍ਹ ਹੋਈ। ਇਸ ਲਈ ਕਿਹਾ ਜਾਂਦਾ ਹੈ ਕਿ ਨਾਮਦੇਵ ਇਸ ਤੋਂ ਪਹਿਲਾਂ ਦੇ ਹੋ ਹੀ ਨਹੀਂ ਸਕਦੇ।

ਅਸਲ ਵਿਚ ਗਿਆਨੇਸ਼ਵਰੀ ਦੀ ਰਚਨਾ ਕਰਨ ਵਾਲਾ ਗਿਆਨੇਸ਼ਵਰ ਅਤੇ ਅਭੰਗ-ਰਚਨਾ ਕਰਨ ਵਾਲਾ ਗਿਆਨੇਸ਼ਵਰ ਦੋ ਵਿਅਕਤੀ ਹਨ, ਅੰਦਰਲੀ ਗਵਾਹੀ ਤੋਂ ਇਹ ਗਲ ਨਿਰਾਧਾਰ ਪ੍ਰਤੀਤ ਹੁੰਦੀ ਹੈ। ਕੇਵਲ ਭਾਸ਼ਾ-ਭੇਦ ਅਤੇ ਕੁਝ ਦੂਸਰੇ ਸਤਹੀ ਆਧਾਰਾਂ ਉਪਰ ਨਾਮਦੇਵ ਨੂੰ ਇਕ ਸਦੀ ਬਾਦ ਦਾ ਮੰਨਣਾ ਵੀ ਗਲਤ ਹੈ। ਗਿਆਨੇਸ਼ਵਰੀ ਦਾ ਰਚਨਾ-ਕਾਲ ਈਸਵੀ ੧੨੯੦ ਨਿਸਚਿਤ ਹੈ। ਏਸ ਗ੍ਰੰਥ ਨੂੰ ਗਿਆਨੇਸ਼ਵਰ ਦੇ ਇਕ ਸ਼ਿਸ਼ ਸੱਚਿਦਾਨੰਦ ਬਾਬਾ ਨੇ ਲਿਪੀ-ਬੱਧ ਕੀਤਾ ਅਤੇ ਇਸ ਦਾ ਸਰੂਪ ਭਗਵਤਗੀਤਾ ਦੇ ਟੀਕਾ-ਭਾਸ਼ ਵਾਂਗੂ ਲੜੀ ਵਿਚ ਪਰੁਚਾ ਹੋਇਆ ਪ੍ਰਤੀਤ ਹੁੰਦਾ ਹੈ। ਇਸ ਦੇ ਉਲਟ, ਨਾਮਦੇਵ ਦੇ ਅਭੰਗ ਮੁਕਤਕ ਰਚਨਾਵਾਂ ਹਨ ਉਹ ਭਾਵ ਦਾ ਕਾਵਿਮਈ ਪ੍ਰਗਟਾਵਾ ਹੋਣ ਸਦਕਾ ਇਕ ਦੂਜੇ ਤੋਂ ਸੁਤੰਤਰ ਹਨ । ਗਿਆਨੇਸ਼ਵਰੀ ਦਾ ਪ੍ਰਚਾਰ ਗ੍ਰੰਥ-ਪਰੰਪਰਾ ਵਿਚ ਹੋਇਆ । ਨਾਮਦੇਵ ਦੀ ਅਭੰਗ-ਬਾਣੀ ਦਾ ਪ੍ਰਸਾਰ ਮੁਖ-ਪਰੰਪਰਾ ਦੇ ਰੂਪ ਵਿਚ ਹੋਇਆ । ਇਨ੍ਹਾਂ ਕਾਰਨਾਂ ਕਰਕੇ ਗਿਆਨੇਸ਼ਵਰੀ ਦੀ ਬੋਲੀ ਨਾਮਦੇਵ ਦੀ ਬੋਲੀ ਵਾਂਗੂ ਨਵੀਨ ਅਤੇ ਆਧੁਨਿਕ ਸੁਭਾਉ

ਵਾਲੀ ਨਹੀਂ । ਗਿਆਨੇਸ਼ਵਰੀ ਦੇ ਮੁਕਾਬਲੇ ਵਿਚ ਗਿਆਨੇਸ਼ਵਰ ਦੇ ਆਪਣੇ ਅਭੰਗਾਂ—ਖਾਸ ਕਰਕੇ ਹਰਿਪਾਠ ਦੇ ਅਭੰਗਾਂ—ਦੀ ਬੋਲੀ ਵਧੇਰੇ ਨਵੀਨ ਪ੍ਰਤੀਤ ਹੁੰਦੀ ਹੈ । ਗਿਆਨੇਸ਼ਵਰ ਨੇ ਆਪਣੀ ਬੋਲੀ ਬੱਚਿਆਂ ਲਈ ਵੀ ਸੁਬੋਧ ਬਨਾਉਣ ਦਾ ਜਤਨ ਕੀਤਾ ਹੈ । ਫਿਰ ਵੀ ਜੇ ਉਨ੍ਹਾਂ ਦੀ ਬੋਲੀ ਦਾ ਨਾਮਦੇਵ ਦੀ ਬੋਲੀ ਨਾਲ ਮੁਕਾਬਲਾ ਕੀਤਾ ਜਾਵੇ ਤਾਂ ਉਹ ਵਧੇਰੇ ਬਦਲੀ ਹੋਈ ਪ੍ਰਤੀਤ ਨਹੀਂ ਹੁੰਦੀ ਕਿਉਂਕਿ ਉਨ੍ਹਾਂ ਦੇ ਪਾਠਕਾਂ ਨੇ ਇਸ ਵਿਚ ਕੋਈ ਤਬਦੀਲੀ ਨਹੀਂ ਕੀਤੀ । ਇਸ ਦੇ ਉਲਟ ਨਾਮਦੇਵ ਦੀ ਅਭੰਗ-ਰਚਨਾ ਦੀ ਬੋਲੀ ਸਮੇਂ ਦੇ ਨਾਲ ਨਾਲ ਬਦਲਦੀ ਗਈ ਹੈ ।

ਦੱਖਣ ਵਿਚ ਮੁਸਲਿਮ ਸੱਤਾ ਅਤੇ ਇਸਲਾਮ ਚੌਧਵੀਂ ਸਦੀ ਵਿਚ ਸਥਿਰ ਹੋਏ, ਇਹ ਗਲ ਸਚ ਹੈ । ਪਰ ਗਿਆਨਦੇਵ ਦੀ ਤੁਲਨਾ ਵਿਚ ਨਾਮਦੇਵ ਨੇ ਪੰਜਾਹ ਵਰ੍ਹਿਆਂ ਤੋਂ ਵੀ ਵਧੇਰੇ ਉਮਰਾ ਭੋਗੀ । ਇਸ ਲਈ ਉਨ੍ਹਾਂ ਦੇ ਅਭੰਗਾਂ ਵਿਚ ਤੁਰਕਾਂ ਜਾਂ ਮੁਸਲਮਾਨਾਂ ਦਾ ਉਲੇਖ ਸੁਭਾਵਕ ਹੈ । ਇਕ ਅਭੰਗ ਵਿਚ ਉਹ ਕਹਿੰਦੇ ਹਨ :

ਦੇਵਤਾ ਪੱਥਰ ਦੇ ਭਗਤ ਮਮਤਾ ਦੇ
ਦੋਹਾਂ ਦਾ ਸੰਦੇਹ ਕਿਵੇਂ ਘਟੇ
ਅਜੇਹੇ ਦੇਵਤਾ ਵੀ ਤੁਰਕਾਂ ਨੇ ਤੋੜ-ਭੰਨ ਸੁੱਟੇ
ਸੁਟ ਦਿਤੇ ਡੂੰਘੇ ਪਾਣੀ ਵਿਚ
ਅਜੇਹਾ ਦੇਵਤਾ ਮੈਨੂੰ ਨਾ ਵਿਖਾਵੀਂ, ਭਗਵਾਨ
ਨਾਮਾ ਕੇਸੋ ਨੂੰ ਬੇਨਤੀ ਕਰਦਾ ਹੈ ।

ਨਾਮਦੇਵ ਦੇ ਗੁਰੂ ਵਿਸਬਾ ਖੇਚਰ ਨੇ ਮੂਰਤੀਪੂਜਾ ਦਾ ਵਿਰੋਧ ਕੀਤਾ, ਪਰ ਇਹ ਇਸਲਾਮ ਦੇ ਪ੍ਰਭਾਵ ਹੇਠ ਨਹੀਂ ਕੇਵਲ ਸਗੁਣ ਉਪਾਸਨਾ ਵਿਚ ਡੁਬੇ ਹੋਏ ਨਾਮਦੇਵ ਨੂੰ ਨਿਰਗੁਣ ਉਪਾਸਨਾ ਦਾ ਰਹਸ ਸਮਝਾਉਣ ਦੇ ਉਦੇਸ਼ ਨਾਲ, ਪ੍ਰਤੀਕਾਤਮਕ ਢੰਗ ਨਾਲ, ਕੀਤਾ ਅਤੇ ਇਸ ਤਰ੍ਹਾਂ ਮੂਰਤੀਪੂਜਾ ਨੂੰ ਬੇਅਰਥ ਸਿੱਧ ਕੀਤਾ ।

ਗਿਆਨਦੇਵ ਅਤੇ ਨਾਮਦੇਵ ਦੀਆਂ ਰਚਨਾਵਾਂ ਵਿਚ ਕਮਾਲ ਦੀ ਸਮਾਨਤਾ ਹੈ । ਉਨ੍ਹਾਂ ਦੇ ਕਲਪਨਾ-ਚਿਤਰ ਅਤੇ ਸ਼ਬਦ-ਚੋਣ ਇਕ ਦੂਜੇ ਨਾਲ ਮੇਲ ਖਾਂਦੇ ਹਨ । ਉਹਨਾਂ ਨੇ ਆਪੋ ਆਪਣੇ ਅਭੰਗਾਂ ਵਿਚ ਇਕ ਦੂਸਰੇ ਦਾ ਜ਼ਿਕਰ ਕੀਤਾ ਹੈ । ਇਕ ਧਿਆਨ ਰਖਣ ਵਾਲੀ ਗਲ ਇਹ ਵੀ ਹੈ ਕਿ ਹੋਰਨਾਂ ਸਮਕਾਲੀ ਸੰਤਾਂ ਨੇ ਵੀ ਇਨ੍ਹਾਂ ਦੋਹਾਂ ਦਾ ਉਲੇਖ ਇਕੱਠਾ ਹੀ ਕੀਤਾ ਹੈ । ਇਨ੍ਹਾਂ ਸਾਰੀਆਂ ਗੱਲਾਂ ਉਪਰ ਵਿਚਾਰ ਕਰਨ ਉਪਰੰਤ ਇਹ ਮੰਨਣਾ ਪੈਂਦਾ ਹੈ ਕਿ ਨਾਮਦੇਵ ਅਤੇ ਗਿਆਨਦੇਵ ਸਮਕਾਲੀ ਸਨ ਅਤੇ ਦੋਹਾਂ ਦਾ ਇਕ ਦੂਜੇ ਨਾਲ ਬੜਾ ਭਰੱਪਣ ਸੀ ।

ਨਾਮਦੇਵ ਅਤੇ ਗਿਆਨੇਸ਼ਵਰ ਇਕ ਦੂਜੇ ਨਾਲ ਕਦੋਂ ਅਤੇ ਕਿਥੇ ਮਿਲੇ, ਇਸ ਬਾਰੇ ਅਨੇਕ ਕਥਾਵਾਂ ਪ੍ਰਚਲਿਤ ਹਨ । ਇਨ੍ਹਾਂ ਕਥਾਵਾਂ ਦਾ ਸੋਮਾ ਜਾਂ ਤਾਂ ਪਰੰਪਰਾ

ਹੈ ਅਤੇ ਜਾਂ ਕੁਝ ਅਭੰਗ। ਇਤਿਹਾਸ ਦੀ ਕਸਵੱਟੀ ਉਪਰ ਪਰਖਿਆਂ ਇਹ ਸਾਰੀਆਂ ਕਹਾਣੀਆਂ ਇਨਬਿਨ ਸਚ ਨਹੀਂ ਮੰਨੀਆ ਜਾ ਸਕਦੀਆਂ। ਇਨ੍ਹਾਂ ਕਹਾਣੀਆਂ ਵਿਚ ਕੁਝ ਸੰਵੈਵਿਰੋਧੀ ਤਥ ਵੀ ਹਨ। ਪਰ ਇਸ ਵਿਚ ਕੋਈ ਸ਼ਕ ਨਹੀਂ ਕਿ ਇਨ੍ਹਾਂ ਸਾਰੀਆਂ ਕਹਾਣੀਆਂ ਉਪਰ ਵਿਚਾਰ ਕੀਤਾ ਜਾਵੇ ਤਾਂ ਨਾਮਦੇਵ ਦੀ ਜੀਵਨੀ, ਉਨ੍ਹਾਂ ਦੇ ਭਾਵ-ਜੀਵਨ ਅਤੇ ਕਾਵਿ-ਰਚਨਾ ਉਪਰ ਨਿਸਚਿਤ ਚਾਨਣਾ ਪੈਂਦਾ ਹੈ; ਇਹ ਪ੍ਰਕਾਸ਼ ਸਥੂਲ ਹੋਣ ਦੇ ਬਾਵਜੂਦ ਵੀ ਮਹੱਤਵ-ਪੂਰਣ ਹੈ।

## ਨਾਮਦੇਵ ਅਤੇ ਸੰਤ-ਮੰਡਲੀ

ਈਸਵੀ ੧੨੯੦ ਵਿਚ ਗਿਆਨੇਸ਼ਵਰੀ ਦੀ ਰਚਨਾ ਹੋਈ। ਨਵਿਰਤੀ, ਗਿਆਨਦੇਵ, ਸੋਪਾਨ ਅਤੇ ਮੁਕਤਾਬਾਈ ਇਹ ਚਾਰ ਭੈਣ-ਭਰਾ ਅਜੋਕੇ ਪੂਨਾ ਕੋਲ ਆਲੰਦੀ ਵਿਚ, ਵਿਰਕਤਾਂ ਵਾਂਗੂ ਰਹਿੰਦੇ ਹਨ। ਇਨ੍ਹਾਂ ਦੇ ਲੌਕਿਕ ਅਤੇ ਅਲੌਕਿਕ ਚਮਤਕਾਰਾਂ ਦੀ ਕੀਰਤੀ ਨਾਮਦੇਵ ਦੇ ਵੀ ਕੰਨੀ ਪਈ। ਉਨ੍ਹਾਂ ਦੇ ਮਨ ਵਿਚ ਰੀਝ ਜਾਗੀ ਕਿ ਆਲੰਦੀ ਪਹੁੰਚ ਕੇ ਇਨ੍ਹਾਂ ਚਹੁੰਆਂ ਭੈਣ-ਭਰਾਵਾਂ ਦੇ ਦਰਸ਼ਨ ਕੀਤੇ ਜਾਣ। ਗਿਆਨੇਸ਼ਵਰੀ ਦੀ ਰਚਨਾ ਦੇ ਬਾਦ ਇਕ ਦੋ ਵਰ੍ਹਿਆਂ ਦਾ ਹੀ ਸਮਾਂ ਬੀਤਿਆ ਹੋਵੇਗਾ। ਉਸ ਵੇਲੇ ਗਿਆਨਦੇਵ ਪੰਦਰਾਂ-ਸੋਲ੍ਹਾਂ ਵਰ੍ਹਿਆਂ ਦੇ ਅਤੇ ਨਾਮਦੇਵ ਵੀਹ-ਇੱਕੀ ਵਰ੍ਹਿਆਂ ਦੇ ਹੋਣਗੇ। ਇਨ੍ਹਾਂ ਚਾਰ ਭੈਣ-ਭਰਾਵਾਂ ਨੂੰ ਮਿਲਨ ਦੀ ਕਹਾਣੀ ਨਾਮਦੇਵ ਨੇ ਆਪਣੇ ਜੀਵਨ-ਕਥਾਤਮਕ ਅਭੰਗਾਂ ਵਿਚ ਬੜੇ ਰੋਚਕ ਅਤੇ ਵਿੰਨ੍ਹਵੇਂ ਅੰਦਾਜ਼ ਵਿਚ ਵਰਣਨ ਕੀਤੀ ਹੈ। ਉਸ ਵਿਚ ਨਾਮਦੇਵ ਦੀ ਸਾਧਕ ਅਵਸਥਾ ਦਾ ਅਤੇ ਪ੍ਰਤਿਭਾਸ਼ਾਲੀ ਕਾਵਿ-ਸ਼ੈਲੀ ਦਾ ਹੂ-ਬ-ਹੂ ਅਕਸ ਮਿਲਦਾ ਹੈ :

ਨਾਮਦੇਵ ਆਲੰਦੀ ਆਏ
ਤਾਂ ਉਨ੍ਹਾਂ ਸਭ ਤੋਂ ਪਹਿਲਾਂ ਨਵਿਰਤੀਨਾਥ ਨੂੰ ਵੇਖਿਆ
ਨਵਿਰਤੀ ਉਠ ਕੇ ਸੰਤਾਂ ਦੇ ਦਰਸ਼ਨਾਂ ਨੂੰ ਗਏ
ਪੰਢਰੀ ਦਾ ਪ੍ਰੇਮ ਘਰ ਆਇਆ
ਪ੍ਰਦੱਖਣਾ ਕੀਤੀ, ਚਰਨ-ਬੰਦਨਾ ਕੀਤੀ;
ਨਾਮਦੇਵ ਨੂੰ ਬੜਾ ਅਭਿਮਾਨ ਹੋਇਆ
ਦੇਵਤਾ ਦੇ ਕੋਲ ਅਸੀਂ ਨਿਰੰਤਰ ਹਾਂ
ਇਨ੍ਹਾਂ ਨੂੰ ਨਮਸਕਾਰ ਦਾ ਅਧਿਕਾਰ ਹੈ
ਨਿਤ ਸਮਾਗਮ ਹਰਿਚਰਨਾਂ ਦਾ ਹੈ
ਇਹ ਅਤੇ ਅਸੀਂ ਦੇਵ-ਭਗਤ ਹਾਂ
ਨਾਮਦੇਵ ਕਹਿੰਦੇ ਹਨ ਕਿ ਚਰਨਬੰਦਨਾਂ ਕੀ ਕਰਾਂ ?

ਸਾਖਿਆਤ ਪਾਰਬ੍ਰਹਮ ਹੀ ਦੇਹ ਧਾਰ ਕੇ ਮੇਰੇ ਕੋਲ ਆ ਗਏ । ॥੧੦੭੫॥

ਜਦੋਂ ਨਵਿਰਤੀ ਨਾਥ ਨੇ ਚਰਨਬੰਦਨਾ ਕੀਤੀ ਤਾਂ ਨਾਮਦੇਵ ਨੂੰ ਉਤਰ ਵਿਚ ਬੰਦਨਾ ਕਰਨੀ ਚਾਹੀਦੀ ਸੀ । ਪਰ ਉਨ੍ਹਾਂ ਦੇ ਮਨ ਵਿਚ ਗਰਬ ਪੈਦਾ ਹੋਇਆ । ਉਨ੍ਹਾਂ ਨੂੰ ਇਵੇਂ ਲੱਗਾ ਕਿ ਪੰਢਰਪੁਰ ਵਿਚ ਅਸੀਂ ਨਿਤ ਦੇਵਤਾ ਦੇ ਨਾਲ ਰਹਿੰਦੇ ਵਸਦੇ ਹਾਂ, ਇਸ ਲਈ, ਸਾਡਾ ਅਤੇ ਇਨ੍ਹਾਂ ਦਾ ਦਿਉਤੇ ਅਤੇ ਭਗਤ ਦਾ ਰਿਸ਼ਤਾ ਹੈ। ਇਹ ਸਾਨੂੰ ਨਮਸਕਾਰ ਪਏ ਕਰਨ, ਇਹ ਤਾਂ ਇਨ੍ਹਾਂ ਦਾ ਕਰਤਵ ਹੈ । ਪਰ ਸਾਡੇ ਅੰਦਰ ਤਾਂ ,ਸਾਖਿਆਤ ਪਾਰਬ੍ਰਹਮ ਵਸਦਾ ਹੈ । ਇਸ ਲਈ ਅਸੀਂ ਇਨ੍ਹਾਂ ਨੂੰ ਨਮਸਕਾਰ ਕਿਵੇਂ ਕਰੀਏ ?

ਨਵਿਰਤੀਨਾਥ ਦੇ ਬਾਦ ਗਿਆਨੇਸ਼ਵਰ ਨੇ ਨਾਮਦੇਵ ਨੂੰ ਡੰਡੌਤ ਕੀਤੀ
ਗਿਆਨੇਸ਼ਵਰ ਉਤੇ, ਉਹਨਾਂ ਨੇ ਡੰਡੌਤ ਕੀਤੀ
ਚਰਨਾਂ ਵਿਚ ਮਸਤਕ ਨਿਵਾਇਆ
ਨਾਮਾ ਕਹਿੰਦੇ ਹਨ ਸਾਨੂੰ ਵੱਡਾ ਹੋਣ ਦਾ ਅਧਿਕਾਰ ਹੈ
ਇਸ ਲਈ ਨਮਸਕਾਰ ਯੋਗ ਹੈ
ਅਸੀਂ ਤਾਂ ਅੱਠੇ ਪਹਿਰ ਦੇਵਤਾ ਦੇ ਪਾਸ ਹੁੰਦੇ ਹਾਂ
ਏਥੇ ਆ ਕੇ ਸਭ ਡੰਡੌਤ ਕਰਦੇ ਹਨ
ਵੈਸ਼ਨਵਾਂ ਦਾ ਭਾਰ ਦੇਵ ਸੁਰਗਣਾਂ ਉਪਰ ਹੈ
ਇਕੋ ਇਕ ਸ਼ਰਣ ਪੰਢਰੀ ਹੈ
ਨਾਮਾ ਕਹਿੰਦਾ ਹੈ ਕਿ ਸੰਤ ਮੰਡਲੀ ਨੂੰ ਵੇਖਕੇ
ਬਨਮਾਲੀ ਆਪ ਆਨੰਦ ਵਿਚ ਬਿਹਬਲ ਹੋ ਕੇ ਰੋਣ ਲਗ ਪਏ ।

ਨਾਮਦੇਵ ਗਿਆਨਦੇਵ ਤੋਂ ਪੰਜ ਵਰ੍ਹੇ ਵੱਡੇ ਸਨ । ਗਿਆਨਦੇਵ ਦੀ ਡੰਡੌਤ ਵੀ ਨਾਮਦੇਵ ਨੂੰ ਸੁਭਾਵਕ ਹੀ ਪ੍ਰਤੀਤ ਹੋਈ । ਛੋਟੇ ਵਡਿਆਂ ਨੂੰ ਨਮਸਕਾਰ ਕਰਨ, ਇਹ ਗਲ ਸ਼ਿਸ਼ਟਾਚਾਰ ਦੇ ਅਨੁਕੂਲ ਹੈ । ਇਸ ਦੇ ਬਾਦ ਸੋਪਾਨਦੇਵ ਨੇ ਵੀ ਆਪਣੇ ਦੋਹਾਂ ਵਡਿਆਂ ਭਰਾਵਾਂ ਦਾ ਹੀ ਅਨੁਕਰਣ ਕੀਤਾ :

ਸੋਪਾਨ ਆਇਆ ਉਸਨੇ ਚਰਨਬੰਦਨਾ ਕੀਤਾ
ਪਾਂਡੂਰੰਗ ਦੀ ਜਗ੍ਹਾ ਉਸਨੂੰ ਮੰਨ ਕੇ,
ਅਸੀਂ ਤਾਂ ਅਸਲੋਂ ਵੰਚਿਤ ਸਾਂ, ਸਾਡੀ ਖਬਰ ਲਈ
ਸੰਤ ਅਨਾਥਾਂ ਦੀ ਵੱਡੀ ਮਾਂ ਹੈ
ਸਾਡੇ ਮਾਪੇ ਅਜ ਸਾਨੂੰ ਮਿਲੇ

ਸਮਾਧਾਨ ਸਹਿਜ ਗਲਵਕੜੀ ਵਿਚ ਮਿਲਿਆ
ਨਾਮਾ ਕਹਿੰਦਾ ਹੈ ਕਿ ਮੈਨੂੰ ਇਨ੍ਹਾਂ ਦੇ ਪ੍ਰੇਮ ਦਾ ਹੁਣ ਪਤਾ ਲਗਾ
ਦੇਵਤਾ ਦੇ ਕੀਤੇ ਹੋਏ ਜਤਨ ਕੀ ਘਟ ਹਨ ? ॥੧੦੫੯॥

ਸੋਪਾਨਦੇਵ ਦਾ ਭਗਤੀਭਾਵ ਨਾਮਦੇਵ ਨੂੰ ਨਕਲੀ ਲੱਗਾ । ਉਹ ਤਾੜ ਗਏ ਕਿ ਭਗਵਾਨ ਨੇ ਉਨ੍ਹਾਂ ਨੂੰ ਏਧਰ ਕਿਉਂ ਭੇਜਿਆ ਹੈ ? ਨਵਿਰਤੀ, ਗਿਆਨਦੇਵ ਅਤੇ ਸੋਪਾਨ ਦੇ ਬਾਦ ਬਾਕੀ ਰਹਿ ਗਈ ਮੁਕਤਾਬਾਈ । ਨਾਮਦੇਵ ਨੇ ਉਸਦੇ ਵੱਡੇ ਭਰਾ ਨੂੰ ਉਤਰ ਵਿਚ ਚਰਨਬੰਦਨਾ ਨਹੀਂ ਸੀ ਕੀਤੀ । ਇਹ ਗਲ ਉਸਨੂੰ ਚੁਭ ਰਹੀ ਸੀ । ਸਭ ਸੰਤਾਂ ਵਿਚ ਉਸ ਦੀ ਨਜ਼ਰ ਸਭ ਤੋਂ ਵਧੀਕ ਵਿੰਨ੍ਹਵੀਂ ਸੀ । ਉਸਦੀ ਸ਼ੈਲੀ ਵੀ 'ਇਕ ਚੋਟ ਵਿਚ ਦੋ ਟੁਕੜੇ' ਕਰਨ ਵਾਲੀ ਸੀ । ਉਹ ਆਪਣੇ ਬੜਬੋਲੇ ਸੁਭਾਉ ਸਦਕਾ ਮਸ਼ਹੂਰ ਸੀ । ਉਹਨੇ ਕਿਹਾ :

ਜਿਸਨੂੰ ਭਗਵਾਨ ਦਾ ਅਟੁਟ ਨੇੜ ਪ੍ਰਾਪਤ ਸੀ
ਉਸਦਾ ਹੰਕਾਰ ਕਿਉਂ ਨਹੀਂ ਗਿਆ ?
ਮਾਨ-ਅਪਮਾਨ ਨਾਲ ਈਰਖਾ ਅਤੇ ਸਾੜਾ ਵਧਦੇ ਹਨ
ਦਿਨ ਵੇਲੇ ਹਥ ਵਿਚ ਦੀਵਾ ਭਲਾ ਕਿਉਂ ?
ਪਾਰਬ੍ਰਹਮ ਦੇ ਨਾਲ ਨਿਤ ਤੇਰੀ ਖੇਡ ਹੈ
ਫੇਰ ਅੰਨ੍ਹੇ ਨੂੰ ਅੱਖਾਂ ਦੀ ਇੱਛਿਆ ਕਿਵੇਂ ਹੋਈ ?
ਕਲਪਤਰੂ ਦੇ ਹੇਠਾਂ ਜੋ ਚਾਹੋ ਸੋ ਮਿਲਦਾ ਹੈ ।
ਅਜੇਹਾ ਕਹਿਣ ਵਾਲੇ ਦੇ ਹਥ ਵਿਚ ਗਰੀਬੀ ਦਾ ਭਿਖਿਆ-ਪਾਤਰ ਕਿਉਂ ?
ਘਰ ਵਿਚ ਕਾਮਧੇਨ ਹੋਵੇ ਤਾਂ ਵੀ ਕੋਈ ਲੱਸੀ ਮੰਗਣ ਜਾਂਦਾ ਹੈ ?
ਐਸਾ ਪਾਗਲ ਕੌਣ ਹੈ ਦੁਨੀਆਂ ਵਿਚ ?
ਮੁਕਤਾਬਾਈ ਕਹਿੰਦੀ ਹੈ ਮੈਂ ਦਰਸ਼ਨ ਵਾਸਤੇ ਨਹੀਂ ਜਾਵਾਂਗੀ
ਪਹਿਲਾਂ ਅਭਿਮਾਨ ਦੂਰ ਕਰੋ ॥੧੦੬੧॥

ਮੁਕਤਾਬਾਈ ਨਾਮਦੇਵ ਦੇ ਦਰਸ਼ਨ ਕਰਨ ਲਈ ਤਿਆਰ ਨਾ ਹੋਈ, ਇਹ ਵੇਖ ਕੇ ਉਸਦੇ ਵੱਡੇ ਭਰਾ ਨੇ ਉਸਨੂੰ ਬਥੇਰਾ ਸਮਝਾਇਆ ਕਿ ਨਾਮਦੇਵ ਨੇ ਭਗਤੀ ਦੇ ਸਹਾਰੇ ਭਗਵਾਨ ਨੂੰ ਜਿਤ ਲਿਆ ਹੈ ਅਤੇ ਉਸਨੂੰ ਆਪਣਾ ਕਰਜ਼ਦਾਰ ਬਣਾਇਆ ਹੈ ! ਭਗਤੀ ਤੋਂ ਉਤਮ ਦੁਨੀਆਂ ਵਿਚ ਕੁਝ ਨਹੀਂ ਹੈ । ਪਰ, ਮੁਕਤਾਬਾਈ ਨੂੰ ਇਹ ਗਲ ਜਚੀ ਨਾ । ਨਾਮਦੇਵ ਭਾਵੇਂ ਕਿੰਨਾ ਵੱਡਾ ਭਗਤ ਹੋਵੇ ਤਾਂ ਵੀ ਉਹਨੂੰ ਹਾਲੇ ਅੰਤਰਗਿਆਨ ਨਹੀਂ ਹੋਇਆ । ਇਸ ਗਲ ਦੇ ਕਾਰਨਾਂ ਦੀ ਪੁਣਛਾਣ ਕਰਦੇ ਹੋਏ ਮੁਕਤਾਬਾਈ ਨੇ ਕਿਹਾ :

ਗਲਾਂ ਹੀ ਗੱਲਾਂ ਵਿਚ ਇਸ ਨੇ ਪ੍ਰਚਾਰ ਕਰ ਲਿਆ ਹੈ
ਪਰ ਅੰਦਰੋਂ ਇਹ ਕੋਰਾ ਹੈ, ਗੁਰੂ ਤੋਂ ਬਗੈਰ
ਸੰਤਾਂ ਦੇ ਆਦਰ ਦੀ ਇਸ ਨੂੰ ਕੋਈ ਸਾਰ ਨਹੀਂ
ਰਬ ਕੋਲ ਰਹਿ ਕੇ ਵੀ ਇਹ ਭਲਾ ਕੀ ਜਾਣਦਾ ਹੈ ?
ਪਾਰਸ ਦੇ ਉਪਰ ਭਾਵੇਂ ਖਪਰੈਲ ਦਾ ਢਕਣ ਹੋਵੇ
ਤਾਂ ਵੀ ਬਾਵਨ ਤੋਲੇ ਦਾ ਮਾਪ ਤਾਂ ਘਟ ਨਹੀਂ ਸਕਦਾ
ਸੜਦੇ ਹੋਏ ਅੰਗਿਆਰ ਨੂੰ ਭਾਵੇਂ ਸ਼ਿੰਗਰਫ ਨਾਲ ਸ਼ਿੰਗਾਰੀਏ
ਅੰਦਰ ਦਾ ਕੀਤਾ ਹੋਇਆ ਮਿਟ ਨਹੀਂ ਸਕਦਾ
ਮੁਕਤਾਬਾਈ ਕਹਿੰਦੀ ਹੈ ਅਭਿਮਾਨ ਨੇ ਅਜੇਹਾ ਕੀਤਾ
ਜਿਵੇਂ ਸਪ ਨੂੰ ਜ਼ਹਿਰ ਪਿਲਾ ਦਿਤੀ ॥੧੦੬੩॥

ਜਿਸ ਨੂੰ ਅੰਮ੍ਰਿਤ ਛਡ ਕੇ ਕਾਂਜੀ ਪਸੰਦ ਹੋਵੇ
ਕੀ ਉਸ ਨੂੰ ਝੁਗੀ ਚੰਗੀ ਲਗਦੀ ਹੈ ?
ਖੋਤੇ ਨੂੰ ਭਾਵੇਂ ਅਖੰਡ ਗੰਗਾ-ਅਸ਼ਨਾਨ ਕਰਾਇਆ ਜਾਵੇ
ਤਾਂ ਵੀ ਉਸ ਦੇ ਜੀਵਨ ਦਾ ਕੀ ਅਰਥ ?
ਮੂੰਗੇ ਦੀ ਮਣੀਂ ਤੋਂ ਵਧੇਰੇ ਜੰਗਲ ਵਿਚ ਰਤੀਆ ਹਨ
ਸ਼ਿੰਗਾਰ ਦੇ ਕੰਮ ਲਈ ਉਹ ਬੇਕਾਰ ਹੀ ਹਨ
ਰੰਗ ਰੰਗੀਲੀ ਗੁਡੀ ਬੜੀ ਸਜੀ ਸਜਾਈ ਹੈ
ਪਰ ਉਸ ਨੇ ਨਕਲੀ ਗਹਿਣੇ ਪਾਏ ਹੋਏ ਹਨ
ਮੁਕਤਾਬਾਈ ਕਹਿੰਦੀ ਹੈ ਰਹਿਣ ਦਿਉ ਇਹ ਦਰਸ਼ਨ
ਗੁਰੂ ਦੇ ਬਿਨਾਂ ਸੰਤਪੁਣਾ ਬੇਅਰਥ ਹੈ ॥੧੦੬੪॥

ਮੁਕਤਾਬਾਈ ਦੇ ਮਤ ਅਨੁਸਾਰ ਨਾਮਦੇਵ ਚੰਦਨ ਦਾ ਬਿਰਛ ਹੈ, ਪਰ ਉਸਨੂੰ ਹੰਕਾਰ ਰੂਪੀ ਸੱਪਾਂ ਨੇ ਵੇਹੜਿਆ ਹੋਇਆ ਹੈ । ਉਸ ਦਾ ਆਦਰ ਕਰੀਏ ਤਾਂ ਉਹਨੂੰ ਗਰਬ ਹੋ ਜਾਂਦਾ ਹੈ । ਉਹ ਸਭ ਲੋਕਾਂ ਨੂੰ ਪੰਢਰੀ ਦੀ ਮਹਿਮਾ ਦਸਦਾ ਫਿਰਦਾ ਹੈ, ਪਰ ਆਪ ਉਹਦੇ ਮਨ ਨੂੰ ਤਿਲ ਮਾਤਰ ਵੀ ਸੂਝ ਨਹੀਂ ਹੋਈ । ਮੁਕਤਾਬਾਈ ਦੇ ਮਤ ਅਨੁਸਾਰ ਨਾਮਦੇਵ ਦੀ ਸਥਿਤੀ ਚਾਂਗਦੇਵ ਵਰਗੀ ਹੋ ਗਈ ਹੈ, ਇਸ ਲਈ ਸਭ ਤੋਂ ਚੰਗਾ ਉਪਾ ਇਹ ਹੈ ਕਿ ਸਾਰੇ ਜਣੇ ਮਿਲ ਕੇ ਉਸਨੂੰ ਅਗ ਵਿਚ ਝੁਲਸ ਦੇਵੀਏ ।

ਮੁਕਤਾਬਾਈ ਦੀਆਂ ਇਹ ਸਿਧੀਆਂ ਸਾਫ ਗਲਾਂ ਸੁਣ ਕੇ ਨਵਿਰਤੀਨਾਥ ਨੇ ਕਿਹਾ :

ਨਵਿਰਤੀਦੇਵ ਕਹਿੰਦੇ ਹਨ ਐਦਾਂ ਨਾ ਬੋਲ

ਧੰਨ ਭਾਗ ਸਾਡੇ ਕਿ ਸੰਤ ਆਏ ਹਨ
ਆਪਣਾ ਹਿਤ ਅਸੀਂ ਆਪ ਕਰੀਏ
ਸੰਤ ਦਾ ਆਦਰ ਕਰਣ ਤੋਂ ਖੁੰਝ ਨਾ ਜਾਈਏ
ਧੰਨ ਹਨ ਉਹ ਜੋ ਪੰਢਰਪੁਰ ਵਿਚ ਰਹਿੰਦੇ ਹਨ
ਉਹਨਾਂ ਦੇ ਘਰ ਦਾ ਤਾਂ ਕੁੱਤਾ ਬਣ ਜਾਣਾ ਵੀ ਚੰਗਾ
ਏਸ ਨਾਮਦੇਵ ਨਾਲ ਦੇਵਤੇ ਦਾ ਪ੍ਰੇਮ ਹੈ
ਪ੍ਰੇਮ ਨੇ ਹੀ ਪਾਗਲ ਬਣਾਇਆ ਹੈ ਪਾਂਡੁਰੰਗ
ਨਵਿਰਤੀ ਦੇਵ ਕਹਿੰਦਾ ਹੈ ਇਸ ਨੂੰ ਦੂਰੇ ਦੂਰੇ ਨ ਕਰ
ਇਸ ਦੇ ਪੈਰਾਂ ਵਿਚ ਸਿਰ ਰਖਣਾ ਹੀ ਚੰਗਾ ਹੈ

ਅੰਤ ਵਿਚ ਇਸ ਵਿਸ਼ੇ ਵਿਚ ਚੌਹਾਂ ਭੈਣ-ਭਰਾਵਾਂ ਵਿਚ ਖਾਸਾ ਮਤ ਭੇਦ ਹੋਇਆ। ਨਿਸ਼ਚਾ ਕੀਤਾ ਗਿਆ ਕਿ ਨਾਮਦੇਵ ਦਾ ਹੰਕਾਰ ਦੂਰ ਕਰਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਇਹਨਾਂ ਚੌਂਹ ਭੈਣ-ਭਰਾਵਾਂ ਨੇ ਚਾਂਗਦੇਵ ਦਾ ਹੰਕਾਰ ਵੀ ਝਾੜਿਆ ਸੀ। ਇਹ ਚਾਂਗਦੇਵ ਆਪਣੀਆਂ ਯੋਗ ਸ਼ਕਤੀਆਂ ਦੀ ਸ਼ੇਖੀ ਮਾਰਨ ਵਾਲਾ ਹਠਯੋਗੀ ਸੀ। ਨਾਮਦੇਵ ਵਾਂਗੂ ਇਸ ਦੇ ਕੰਨਾਂ ਤਕ ਵੀ ਗਿਆਨਦੇਵ ਆਦਿ ਦੀ ਸੋਭਾ ਪਹੁੰਚੀ ਸੀ।

ਉਸ ਨੇ ਮਤਾ ਪਕਾਇਆ ਕਿ ਨਾਮਦੇਵ ਨੂੰ ਪੱਤਰ ਲਿਖਿਆ ਜਾਵੇ ਪਰ ਪੱਤਰ ਦਾ ਸਿਰਨਾਵਾਂ ਕੀ ਹੋਵੇ ? ਪੱਤਰ ਸ਼ੁਰੂ ਕਿੱਦਾਂ ਕੀਤਾ ਜਾਵੇ ? ਸ਼ੁਰੂ ਵਿਚ ਤੀਰਥ ਸਰੂਪ (ਪਿਤਾ ਜੀ) ਲਿਖਿਆ ਜਾਵੇ ਜਾਂ ਚਿਰੰਜੀਵ (ਪੁਤਰ) । ਮਨ ਵਿਚ ਕੋਈ ਨਿਰਣਾ ਨਾ ਹੋ ਸਕਿਆ। ਓੜਕ ਉਸ ਨੇ ਕੋਰੀ ਚਿੱਠੀ ਭੇਜੀ। ਮੁਕਤਾਬਾਈ ਨੇ ਉਲਾਮ੍ਹਾਂ ਦਿਤਾ, "ਯੋਗ ਦੀ ਏਨੀ ਸ਼ਕਤੀ ਪ੍ਰਾਪਤ ਕਰਕੇ ਵੀ ਚਾਂਗਦੇਵ ਕੋਰੇ ਦਾ ਕੋਰਾ ਹੀ ਰਿਹਾ।" ਗਿਆਨੇਸ਼ਵਰ ਨੇ ਉਸ ਦਾ ਗਰਬ-ਗੰਜਣ ਕੀਤਾ ਅਤੇ ਉਸਨੂੰ ਅਦਵੈਤ ਦਾ ਜੋ ਗਿਆਨ ਦਿਤਾ ਉਹ 'ਚਾਂਗਦੇਵ ਪਾਸਸ਼ਟੀ' (ਪੈਂਹਠ ਗੱਲਾਂ) ਦੇ ਨਾਮ ਨਾਲ ਪ੍ਰਸਿਧ ਹੈ। ਮੁਕਤਾਬਈ ਨੇ ਵੀ ਉਸਨੂੰ ਆਪਣਾ ਚੇਲਾ ਬਣਾ ਕੇ ਉਪਦੇਸ਼ ਦਿੱਤਾ।

ਚਾਂਗਦੇਵ ਨੂੰ ਜਿਵੇਂ ਹਠਯੋਗ ਦਾ ਗਰਬ ਹੋਇਆ ਸੀ ਇਸੇ ਤਰ੍ਹਾਂ ਹੀ ਨਾਮਦੇਵ ਨੂੰ ਵਿਠਲ-ਯੋਗ ਦਾ ਗਰਬ ਹੋਇਆ ਹੈ, ਇਹ ਗਲ ਮੁਕਤਾਬਾਈ ਤਾੜ ਗਈ। ਨਾਮਦੇਵ ਦਾ ਹੰਕਾਰ ਤੋੜਨ ਦਾ ਕੰਮ ਕਿਸਨੂੰ ਸੌਂਪਿਆ ਜਾਵੇ ? ਇਸ ਉਪਰ ਚੌਹਾਂ ਭੈਣ-ਭਰਾਵਾਂ ਨੇ ਮਿਲ ਕੇ ਵਿਚਾਰ ਕੀਤਾ। ਉਹਨੀ ਦਿਨੀ ਅਜ ਕਲ ਦੇ ਉਸਮਾਨਾਬਾਦ ਜ਼ਿਲੇ ਦੇ ਤੇਰਢੋਕੀ ਪਿੰਡ ਵਿਚ ਇਕ ਸੰਤ ਰਹਿੰਦਾ ਸੀ, ਜਿਸ ਦਾ ਨਾਮ ਸੀ ਗੋਰੋਬਾ। ਉਹ ਜਾਤ ਦਾ ਘੁਮਿਆਰ ਸੀ। ਇਹ ਕੰਮ ਇਸ ਘੁਮਿਆਰ ਸੰਤ ਨੂੰ ਹੀ ਸੌਂਪਿਆ ਗਿਆ।

ਉਸ ਯੁਗ ਵਿਚ ਮਹਾਰਾਸ਼ਟ੍ਰ ਵਿਚ ਕਈ ਥਾਵਾਂ ਤੇ ਪ੍ਰਸਿੱਧ ਸਾਧੂ ਸੰਤ ਰਹਿੰਦੇ

ਸਨ। ਨਾਮਦੇਵ ਦੇ ਸਮਕਾਲੀ ਸੰਤਾਂ ਵਿਚ ਗਿਆਨੇਸ਼ਵਰ ਆਦਿ ਚਾਰ ਭੈਣ ਭਰਾ ਪੈਠਣ ਦੇ ਕੋਲ ਆਪੇ ਪਿੰਡ ਵਿਚ ਰਹਿੰਦੇ ਸਨ। ਨਾਮਦੇਵ ਦੀ ਦਾਸੀ ਜਨਾਬਾਈ, ਨਰਹਰਿ ਸੁਨਿਆਰਾ ਅਤੇ ਪਰਸਾ ਭਾਗਵਤ ਪੰਡਰਪੁਰ ਵਿਚ, ਜੋਗਾ ਪਰਮਾਨੰਦ ਬਾਰਸ਼ੀ ਵਿਚ, ਸਾਂਵਤਾ ਮਾਲੀ ਅਰਣਘੇਂਡੀ ਵਿਚ, ਚੋਖਾ ਮੇਲਾ ਮੰਗਲਵੇਢੇ ਵਿਚ ਅਤੇ ਵਿਸੋਬਾ ਖੇਚਰ ਆਵੰਢਯਾ ਨਾਗਨਾਥ ਵਿਚ ਰਹਿੰਦੇ ਸਨ। ਇਸ ਸਾਰੇ ਸੰਤ-ਮੰਡਲ ਵਿਚ ਗੋਰੋਬਾ ਸਭ ਤੋਂ ਸ੍ਰੇਸ਼ਠ ਸਨ। ਇਸ ਲਈ ਉਹਨਾਂ ਨੂੰ ਗੋਰੋਬਾ ਕਾਕਾ ਕਹਿੰਦੇ ਸਨ।

ਗੋਰੋਬਾ ਘੁਮਿਆਰ ਸਨ ਅਤੇ ਉਹਨਾਂ ਦੇ ਪਾਸ ਅਨੁਭਵ ਦੀ ਇਕ ਥਾਪੀ ਸੀ, ਲਕੜੀ ਦੀ ਬਣੀ ਹੋਈ। ਕੋਈ ਮਟਕਾ ਕੱਚਾ ਹੈ ਯਾ ਪੱਕਾ, ਇਸ ਦਾ ਪਤਾ ਲਾਉਣ ਲਈ ਉਹ ਥਾਪੀ ਤੋਂ ਕੰਮ ਲੈਂਦੇ ਸਨ। ਨਾਮਦੇਵ ਦਾ ਮਟਕਾ ਪੱਕਾ ਯਾ ਕੱਚਾ, ਇਸ ਦੀ ਪਰੀਖਿਆ ਲੈਣ ਲਈ ਗੋਰੋਬਾ ਘੁਮਿਆਰ ਨੂੰ ਬੁਲਾਉਣ ਦੀ ਗਲ ਤੈ ਹੋਈ। ਏਸ ਕੰਮ ਵਾਸਤੇ ਮੁਕਤਾਬਾਈ ਆਪ ਉਹਦੇ ਕੋਲ ਗਈ। ਉਹਨਾਂ ਦੇ ਮਿਲਾਪ ਦਾ ਵਰਣਨ ਨਾਮਦੇਵ ਦੇ ਅਪਣੇ ਬੇਜੋੜ ਸ਼ਬਦਾਂ ਵਿਚ ਸੁਨਣ ਲਾਇਕ ਹੈ—

ਮੋਤੀਆਂ ਦਾ ਚੂਰਾ ਅਕਾਸ਼ ਵਿਚ ਸੁਟਿਆ ਗਿਆ ਹੈ।
ਬਿਜਲੀ ਵਾਂਗ ਉਹ ਚਮਕ ਉਠਿਆ
ਜ਼ਰੀ ਦੇ ਪਟੰਬਰ ਅਕਾਸ਼ ਨੇ ਪਹਿਣੇ ਹੋਏ ਹਨ
ਚੇਤਣਾ ਦਾ ਗਰਭ ਨੀਲ ਬਿੰਦੂ ਹੈ
ਸੜਦੀ ਹੋਈ ਮਸ਼ਾਲ ਵਰਗੀ ਛੋਹ ਨਾਲ ਸੁੰਨ ਆਕਾਰ ਬਣਿਆ
ਸਪ ਦੇ ਬੱਚੇ ਵੀ ਨਚੱਣ ਲਗ ਪਏ
ਕੜਕੜਾਉਂਦੀ ਹੋਈ ਬਿਜਲੀ ਵੀ ਉਥੇ ਦੀ ਉਥੇ ਜਮ ਗਈ
ਮੁਕਤਾਬਾਈ ਗੋਰੋਬਾ ਨੂੰ ਮਿਲੀ
ਗਿਆਨਦੇਵ ਕਹਿੰਦੇ ਹਨ ਇਹ ਮੇਲ ਕਿਸ ਤਰ੍ਹਾਂ ਦਾ ਹੋਇਆ
ਜਿਵੇਂ ਆਪਣੇ ਆਪ ਦੀ ਰਜਵੀਂ ਪਛਾਣ ਮਿਲੀ।

## ਨਾਮਦੇਵ ਦੀ ਸਤਿ-ਪ੍ਰੀਖਿਆ

ਇਸ ਤਰ੍ਹਾਂ ਗੋਰੋਬਾ ਆਲੰਬੀ ਵਿਚ ਆਏ ਅਤੇ ਉਥੇ ਜਮ੍ਹਾਂ ਹੋਈ ਸੰਤ-ਮੰਡਲੀ ਵਿਚ ਹਰ ਇਕ ਦੀ ਪਰਖ ਕਰਨ ਲੱਗੇ। ਇਸ ਕੰਮ ਵਾਸਤੇ ਉਹਨਾਂ ਹਮੇਸ਼ਾ ਵਾਂਗ ਆਪਣੀ ਲਕੜੀ ਦੀ ਥਾਪੀ ਕੋਲੋਂ ਕੰਮ ਲਿਆ। ਉਹਨਾਂ ਇਹ ਥਾਪੀ ਪਹਿਲਾਂ ਨਵਿਰਤੀ ਫੇਰ ਗਿਆਨੇਸ਼ਵਰ ਸੋਪਾਨ ਅਤੇ ਮੁਕਤਾਬਾਈ ਦੇ ਸਿਰ ਉਪਰ ਚਲਾਈ। ਹਰ ਇਕ ਨੇ ਉਸ ਲਕੜੀ ਦਾ ਵਾਰ ਸਹਿ ਲਿਆ। ਪਰਖ ਹੋ ਗਈ ਕਿ ਇਨ੍ਹਾਂ ਦਾ ਆਪਣਾ

ਘੜਾ ਪੱਕਾ ਹੈ। ਹੁਣ ਨਾਮਦੇਵ ਦੀ ਵਾਰੀ ਆਈ।

ਉਹੋ ਥਾਪੀ ਹੁਣ ਨਾਮਦੇਵ ਦੇ ਸਿਰ ਤੇ।
ਉਹ ਸਿਰ ਮਲ ਕੇ ਰੋਣ ਲਗ ਪਿਆ।

ਗੋਰੋਬਾਈ ਨੇ ਇਹ ਵੇਖਿਆ ਤਾਂ ਉਸ ਨੇ ਮੁਕਤਾਬਾਈ ਨੂੰ ਕਿਹਾ :

ਗੋਰਾ ਕਹਿੰਦਾ ਹੈ ਹੇ ਮਾਈ ਇਹ ਤਾਂ ਕੋਰਾ ਰਹਿ ਗਿਆ
ਤਿਲ ਭਰ ਵੀ ਇਹ ਕਿਤੋਂ ਨਾ ਪੱਕਾ

ਅਜਿਹੇ ਸਮੇਂ ਆਪਣੇ ਮਨ ਦੀ ਸਥਿਤੀ ਕੈਸੀ ਹੈ, ਇਸ ਦਾ ਬੜਾ ਹੀ ਰੋਚਕ ਵਰਨਣ ਨਾਮਦੇਵ ਨੇ ਕੀਤਾ ਹੈ—

ਘਾਬਰੇ ਹੋਏ ਮਨ ਤੋਂ ਲੰਮੀ ਆਵਾਜ਼ ਆਉਂਦੀ ਹੈ
ਮੇਰਿਆ ਯਾਰਾ, ਮੇਰਾ ਕੋਈ ਨਹੀਂ
ਵੈਰਾਗ-ਕਸਵੱਟੀ ਦੀ ਚੋਟ ਸਹੀ ਨਹੀਂ ਜਾਂਦੀ
ਨਸ ਜਾਣ ਲਈ ਹੁਣ ਪੈਰ ਪਿਛਾਂਹ ਵਲ ਜਾਂਦਾ ਹੈ
ਮਨ ਵਿਚ ਬੜੀ ਹਲਚਲ ਚੰਚਲ ਹੋਈ
ਪਲ ਪਲ ਯੁਗਾਂ ਵਰਗੇ ਲੱਗੇ
ਨਾਮਾਂ ਕਹਿੰਦਾ ਹੈ ਹੁਣ ਏਥੋਂ ਨਸ ਚਲ
ਸੰਤਾਂ ਦੀ ਸੰਗਤ ਤਾਂ ਅਗ ਵਿਚ ਸੜਣ ਬਰਾਬਰ ਹੈ ॥੧੦੭੮॥

ਨਾਮਦੇਵ ਆਲੰਦੀ ਤੋਂ ਉਠ ਨੱਸੇ। ਤੁਰਨ ਲੱਗਿਆਂ ਉਹਨਾਂ ਕਿਸੇ ਸੰਤ ਪਾਸੋਂ ਆਗਿਆ ਵੀ ਨਾ ਲਈ। ਉਹਨਾਂ ਨੇ ਇੰਦਰਾਇਣੀ ਨਦੀ ਪਾਸ ਕੀਤੀ ਅਤੇ ਫਟਾਫਟ ਪੰਢਰਪੁਰ ਪਹੁੰਚੇ। ਉਹਨਾਂ ਆਪਣੀ ਸ਼ਿਕਾਇਤ ਵਿੱਠਲ ਅਗੇ ਕੀਤੀ—

ਵਿੱਠਲ ਦੀ ਮੂਰਤੀ ਦੇ ਗਲ ਲਗ ਕੇ ਉਹਨਾਂ ਆਖਿਆ
ਮੈਨੂੰ ਨਵਿਰਤੀ ਦੇ ਹਥ ਨਾਂ ਸੌਂਪ
ਗਿਆਨਦੇਵ ਤੇ ਸੋਪਾਨ ਤਾਂ ਕੋਰੇ ਸਨ
ਪਰ ਇਹ ਬੁਢਾ ਗੋਰੋਬਾ ਤਾਂ ਅਗ ਬਣ ਗਿਆ
ਮੁਕਤਾਬਾਈ ਨੇ ਹੀ ਉਥੇ ਅਗ ਲਾਈ ਹੈ
ਇਹ ਸੰਤ ਮੰਡਲੀ ਕਪਟੀ ਹੈ

ਨਾਮਾ ਕਹਿੰਦਾ ਹੈ ਭਗਵਾਨ, ਮੈਂ ਤਾਂ ਏਥੇ ਕਿਸਮਤ ਨਾਲ ਹੀ ਆ ਗਿਆ
ਨਹੀਂ ਤਾਂ ਮੈਂ ਉਥੇ ਪੂਰੇ ਦਾ ਪੂਰਾ ਹੀ ਬਿਨਸ ਜਾਣਾ ਸੀ ॥੧੦੮੦॥

ਸੰਤ-ਮੰਡਲੀ ਦਾ ਆਪਸ ਵਿਚ ਝਗੜਾ ਕਰਾਉਣ ਵਾਲੇ, ਅੱਗ ਲਾਉਣ ਵਾਲੇ ਕਪਟੀ ਆਦਿ ਸ਼ਬਦ ਕਹਿ ਕੇ ਨਾਮਦੇਵ ਨੂੰ ਠੰਡ ਨਾ ਪਈ। ਉਹਨਾਂ ਇਕ ਇਹ ਵੀ ਦੋਸ਼ ਲਾਇਆ ਕਿ ਇਹ ਸਾਰੇ 'ਕੈਕਾਡ' ਮੰਡਲੀ ਹਨ :

ਬਣੀਏਂ 'ਕੈਕਾਡ' ਦੀ ਡੁਗਡੁਗੀ ਵਜਾਉਂਦੇ ਹਨ
ਮੈਨੂੰ ਇਹ ਰਹੱਸ ਸਮਝ ਵਿਚ ਨਹੀਂ ਆਉਂਦਾ
ਨਾਮਾ ਕਹਿੰਦਾ ਹੈ ਇਹ ਚਾਨਣ ਦਾ ਗੀਤ ਗਾਉਂਦੇ ਹਨ
ਸਾਨੂੰ ਤਾਂ ਇਹ ਅਘੋਰੀ ਪ੍ਰਤੀਤ ਹੁੰਦੇ ਹਨ। ॥੧੦੮੨॥

ਨਾਮਦੇਵ ਨੇ ਗਿਆਨੇਸ਼ਵਰ ਆਦਿ ਦੀ ਰਚਨਾ ਨੂੰ 'ਚਾਨਣ ਦਾ ਗੀਤ' ਕਿਹਾ ਹੈ। ਇਹ ਇਕ ਸ੍ਰੇਸ਼ਠ ਕਵੀ ਦਾ ਆਪਣੇ ਹਾਣ ਦੇ ਸਮਾਨ-ਧਰਮੀ ਦੂਸਰੇ ਕਵੀ ਬਾਰੇ ਅਤਿਅੰਤ ਸੱਚਾ ਸੰਕੇਤ ਦੇਣ ਵਾਲੀ ਅਤੇ ਚਿੱਤ ਨੂੰ ਵਿਨ੍ਹਣ ਵਾਲੀ ਉਕਤੀ ਹੈ। ਇਕ ਪਾਸੇ ਤਾਂ ਇਹ ਗਿਆਨਦੇਵ ਨੂੰ ਪਾਖੰਡੀ ਕਹਿੰਦੇ ਹਨ ਅਤੇ ਇਸ ਤਰ੍ਹਾਂ ਵਿਆਜ-ਨਿੰਦਾ ਰਾਹੀਂ ਗਿਆਨਦੇਵ ਦੇ ਬਾਰੇ ਆਪਣਾ ਅਗਿਆਨ ਵਿਖਾਉਂਦੇ ਹਨ। ਇਹ ਵੇਖਣ ਲਾਇਕ ਹੈ :

ਕਹਿੰਦੇ ਹਨ ਅਸਾਂ ਕੌਡੀ ਅਨਾਜ ਲਿਆ ਹੈ
ਖਰਚ ਦਾ, ਕੌਡੀ ਦਾ ਕੋਈ ਟਿਕਾਣਾ ਕਹੀਂ
ਕਿਹੜਾ ਗੁਣ ਵੇਖ ਕੇ ਭਗਵਾਨ ਉਹਨਾ ਉਪਰ ਰੀਝੇ ਹਨ
ਕਪੜੇ ਤਾਂ ਉਹਨਾਂ ਦੇ ਇਉਂ ਸਨ ਜਿਵੇਂ ਲੀਰਾਂ ਵਗਦੀਆਂ ਹੋਣ
ਉਹਨਾਂ ਦਾ ਦਲਿੱਦਰ ਵੇਖ ਕੇ ਮਨ ਨੂੰ ਬੜਾ ਦੁਖ ਹੋਇਆ
ਪਾਰਸ ਤਾਂ ਕੇਵਲ ਪੰਢਰੀ ਕੋਲ ਹੈ
ਉਹ ਨਿਕਚੂ ਜਿਹੀ ਮੁਕਤਾਈ ਤਾਂ ਇਉਂ ਲਗਦੀ ਹੈ
ਜਿਵੇਂ ਮਨਛਿਟੀ ਦੀ ਸੋਟੀ ਹੋਵੇ
ਮਹਾਨ ਸੰਤਾਂ ਨੇ ਦੇਸ਼ ਨਿਕਾਲਾ ਲੈ ਲਿਆ ਹੈ
ਸਾਰਾ ਬ੍ਰਹਿਮੰਡ ਇਹਨਾਂ ਨੇ ਕੱਛੇ ਮਾਰਿਆ ਹੋਇਆ ਹੈ
ਨਾਮਾ ਕਹਿੰਦਾ ਹੈ ਮੈਨੂੰ ਤਾਂ ਇਹ ਪਾਖੰਡ ਲਗਦਾ ਹੈ

ਨਾਮਦੇਵ ਸਤਿ ਦੀ ਪਰੀਖਿਆ ਵਿਚ ਪੂਰੇ ਨਾ ਉਤਰੇ ਉਹ ਪੰਢਰਪੁਰ ਪਹੁੰਚੇ ਅਤੇ ਅੰਤਰਮੁਖ ਦ੍ਰਿਸ਼ਟੀ ਨਾਲ ਵਿਚਾਰ ਕਰਨ ਲਗ ਪਏ। ਹੌਲੇ ਹੌਲੇ ਉਹਨਾਂ ਨੂੰ ਅੰਦਰੇ ਅੰਦਰ ਆਪਣੀਆਂ ਘਾਟਾਂ ਦਾ ਗਿਆਨ ਹੋਣਾ ਸ਼ੁਰੂ ਹੋਇਆ :

ਸੰਤਾਂ ਤੋਂ ਬੇਮੁਖ ਜੋ ਗਵਾਰ ਹੋਇਆ
ਲੋਕ ਪਰਲੋਕ ਵਿਚ ਉਹਨੂੰ ਕਿਤੇ ਢੋਈ ਨਹੀਂ
ਝਲਿਆ ! ਤੂੰ ਸੰਤਾਂ ਦੀ ਪੈੜ ਤੇ ਠਾ ਤੁਰਿਉ
ਅਖਾਂ ਵਿਚ ਅਗਿਆਨ ਦੀ ਨੀਂਦ ਹੈ
ਪ੍ਰੇਮ ਪ੍ਰੀਤੀ ਨਾਲ ਤੇਰਾ ਪਾਲਣ ਪੋਸਣ ਹੋਇਆ
ਸਜਣਾਂ ਦੀਆਂ ਗਲਾਂ ਤੈਨੂੰ ਕੌੜੀਆਂ ਲੱਗੀਆਂ
ਹੱਥ ਵਿਚ ਆਇਆ ਹੋਇਆ ਲਾਹਾ ਗੁਆ ਦਿਤਾ
ਭਰਮ ਦੇ ਭੁਲੇਵੇਂ ਵਿਚ ਤੂੰ ਮੂਰਖਾ ਭੁਲਿਆ ਰਿਹਾ
ਮੋਹ ਦਾ ਸਪ ਤੇਰੇ ਅੰਗ ਅੰਗ ਫੈਲ ਗਿਆ
'ਪਾਡੂ-ਰੰਗ' ਕਹਿਣ ਦਾ ਭਲਾ ਹੁਣ ਕੀ ਲਾਭ ? ॥੧੦੮੭॥

ਇਹ ਗਲ ਹੁਣ ਉਹਦੀ ਸਮਝ ਵਿਚ ਆ ਗਈ ਕਿ ਸਤਿਗੁਰੂ ਤੋਂ ਬਿਨਾਂ ਈਸ਼ਵਰ ਪ੍ਰਾਪਤੀ ਨਹੀਂ ਹੋ ਸਕਦੀ :

ਜਦ ਤਕ ਸਤਿਗੁਰੂ ਦੀ ਸੇਵਾ ਨਹੀਂ ਹੈ
ਉਦੋਂ ਤੀਕ 'ਹਉਂ' ਜਿਵੇਂ ਸੁਪਨੇ ਦਾ ਧਨ ਹੈ
ਮੇਰਾ ਭਵ-ਬੰਧਨ ਟੁਟਦਾ ਨਹੀਂ ਹੈ।
ਸਤਿਗੁਰੂ ਦੀ ਆਗਿਆ ਤੋਂ ਬਗੈਰ ॥੧੦੮੮॥

ਈਸ਼ਵਰੀ ਪ੍ਰੇਰਣਾ ਦੇ ਅਨੁਸਾਰ ਉਹ ਆਵੰਢਿਆ ਨਾਗਨਾਥ ਦੇ ਸੰਤ ਵਿਸਬਾ ਖੇਚਰ ਦੇ ਕੋਲ ਉਪਦੇਸ਼ ਲੈਣ ਗਏ। ਨਾਗਨਾਥ ਪ੍ਰਾਚੀਨ ਦਾਸਕਾ ਵੰਸ ਦੇ ਨਾਗੇਸ਼ ਨਾਮਕ ਬਾਰਾਂ ਜੋਤੀ ਲਿੰਗਾਂ ਵਿਚੋਂ ਇਕ ਹਨ। ਉਥੇ ਨਾਮਦੇਵ ਨੂੰ ਵਿਸੋਬਾ ਖੇਚਰ ਦੇ ਦਰਸ਼ਨ ਹੋਏ। ਪਰ ਉਹ ਕਿਹੜੀ ਅਵਸਥਾ ਵਿਚ ? ਸਾਖਿਆਤ ਸ਼ੰਕਰ ਦੀ ਪਿੰਡੀ ਉਪਰ ਪੈਰ ਰਖ ਕੇ ਉਹ ਸੁੱਤੇ ਹੋਏ ਸਨ। ਆਪਣੇ ਹੋਣ ਵਾਲੇ ਸਤਿਗੁਰੂ ਨੂੰ ਏਸ ਅਵਸਥਾ ਵਿਚ ਵੇਖ ਕੇ ਨਾਮਦੇਵ ਹੈਰਾਨ ਰਹਿ ਗਏ। ਭਗਵਾਨ ਦੇ ਸਿਰ ਉਪਰ ਪੈਰ ਰਖ ਕੇ ਆਰਾਮ ਨਾਲ ਸੋਣ ਵਾਲੇ ਖੇਚਰ ਨੂੰ ਸੰਬੋਧਿਤ ਕਰ ਕੇ ਨਾਮਦੇਵ

ਕਹਿੰਦੇ ਹਨ :

ਉੱਠ ਉੱਠ ਹੇ ਪ੍ਰਾਣੀ ! ਤੂੰ ਕੀ ਅੰਨ੍ਹਾ ਹੈਂ ?
ਦੇਵਤਾ ਉਪਰ ਪੈਰ ਰਖ ਛਡਿਆ ਈ।

ਵਿਸੋਬਾ ਵੀ ਘਟ ਨਹੀਂ ਸਨ। ਉਹਨਾਂ ਜਵਾਬ ਵਿਚ ਨਾਮਦੇਵ ਨੂੰ ਕਿਹਾ।

ਮੇਰੇ ਪ੍ਰਾਣਾਂ ਨੂੰ ਕਿਉਂ ਜਗਾਇਆ ?
ਈਸ਼ਵਰ ਤੋਂ ਬਗ਼ੈਰ ਕਿਹੜੀ ਜਗ੍ਹਾ ਖਾਲੀ ਹੈ ?
ਸੋਚ ਕੇ ਵੇਖ ਨਾਮਦੇਵ
ਜਿਥੇ ਦੇਵਤਾ ਨਹੀਂ ਉਥੇ ਮੇਰੇ ਪੈਰ ਰਖਦੇ
ਇਸ ਦਾ ਅਰਥ ਪੂਰੀ ਤਰ੍ਹਾਂ ਸਮਝ ਲੈ

ਨਾਮਦੇਵ ਨੇ ਚਾਰ ਚੁਫੇਰੇ ਝਾਤੀ ਮਾਰੀ ਤਾਂ ਉਸ ਨੂੰ ਕੀ ਵਿਖਾਈ ਦਿਤਾ :

ਨਾਮਦੇਵ ਜਿਧਰ ਵੇਖਦਾ ਹੈ ਉਧਰ ਈਸ਼ਵਰ ਹੀ ਈਸ਼ਵਰ ਹੈ
ਕੋਈ ਵੀ ਜਗ੍ਹਾ ਖਾਲੀ ਵਿਖਾਈ ਨਾ ਦਿੱਤੀ। ॥੧੮੯੮॥

ਵਿਸੋਬਾ ਖੇਚਰ ਦੇ ਨੇੜ ਨਾਲ ਨਾਮਦੇਵ ਨੂੰ ਦਿੱਬ-ਦ੍ਰਿਸ਼ਟੀ ਮਿਲੀ। ਅਤੇ ਵਿਸੋਬਾ ਨੇ ਨਾਮਦੇਵ ਨੂੰ ਉਪਦੇਸ਼ ਦਿੱਤਾ :

ਨਾਮ ਅਤੇ ਰੂਪ ਦੋਵੇਂ ਜਿਸ ਦੇ ਨਹੀਂ ਹਨ
ਉਹੋ ਈਸ਼ਵਰ ਹੈ, ਹੋਰ ਸਭ ਕੂੜ ਹੈ
ਜ਼ਲ ਥਲ ਕਾਠ ਪੱਥਰ ਪਿੰਡ ਬ੍ਰਹਮੰਡ ਅਣੂ ਅਤੇ ਰੇਣ
ਸਭ ਵਿਚ ਉਹ ਆਪ ਸਾਖੀ ਹੈ
ਇਹ ਜਾਣ ਕੇ ਫਿਰ ਜੋ ਅਪਣੇ ਆਪ ਨੂੰ ਪਹਿਚਾਣਦਾ ਹੈ
ਖੇਚਰ ਕਹਿੰਦਾ ਹੈ ਸਭ ਕੁਛ ਈਸ਼ਵਰ ਹੈ
ਕੰਨਾਂ ਵਿਚ ਇਹ ਗਲ ਕਹੀ
ਮੱਥੇ ਉਪਰ ਹੱਥ ਰਖਿਆ
ਪਦ-ਪਿੰਡ-ਵਿਵਰਜਿਤ ਕੀਤਾ ਨਾਮਦੇਵ ਨੂੰ

ਨਾਮਦੇਵ ਨੂੰ ਵਿਸੋਬਾ ਖੇਚਰ ਨੇ ਪਦ-ਪਿੰਡ-ਵਿਵਰਜਿਤ ਕੀਤਾ ਅਰਥਾਤ

ਬ੍ਰਹਮ-ਭਾਵ ਅਤੇ ਜੀਵ-ਭਾਵ ਇਹ ਦੋਵੇਂ ਭੇਦ ਮਿਟਾ ਕੇ ਉਸ ਨੂੰ ਕੇਵਲ ਬ੍ਰਹਮ ਰੂਪ ਬਣਾ ਦਿਤਾ। ਵਿਸੋਬਾ ਖੇਚਰ ਦੇ ਉਪਦੇਸ਼ ਨਾਲ ਨਾਮਦੇਵ ਨੂੰ ਜੋ ਗਿਆਨ ਦ੍ਰਿਸ਼ਟੀ ਮਿਲੀ ਉਸਦਾ ਵਰਣਨ ਗਿਆਨਦੇਵ ਦੇ ਹੇਠ ਲਿਖੇ ਛੰਦਾਂ ਨਾਲ ਮਿਲਾ ਕੇ ਵੇਖਣ ਲਾਇਕ ਹੈ :

ਓਦਾਂ ਰਾਗ ਦਵੈਖ ਮਿਟ ਜਾਣ ਨਾਲ
ਬ੍ਰਹਮ ਦਾ ਸ੍ਵੈਰਾਜ ਆਉਂਦਾ ਹੈ
ਫਿਰ ਅਪਣਾ ਸੁਖ ਭੋਗਦਾ ਹੈ
ਉਹ ਆਪ
ਉਥੇ ਗੁਰੂ ਸਿਖ ਦੀ ਗੋਸ਼ਟੀ ਹੈ
ਪਦ ਪਿੰਡ ਵਿਚਕਾਰ ਗੰਢ ਪੈਂਦੀ ਹੈ
ਉਥੇ ਸਥਿਰ ਰਹਿ ਕੇ ਵੀ ਕਦੀ ਨਹੀਂ ਹੈ
ਕਿਸੇ ਵੀ ਸਮੇਂ (ਗਿਆਨੇਸ਼ਵਰੀ, ੧੩-੫੦)

ਨਾਮਦੇਵ ਦੀ ਭਗਤੀ ਜੋ ਪਹਿਲਾਂ ਅੰਨ੍ਹੀ ਸੀ, ਗਰੂ ਦਾ ਉਪਦੇਸ਼ ਮਿਲਣ ਨਾਲ ਸੁਜਾਖੀ ਹੋ ਗਈ। ਆਪਣੇ ਗੁਰੂ ਦੇ ਪ੍ਰਤੀ ਨਾਮਦੇਵ ਹਮੇਸ਼ ਕਿਰਤੱਗ ਰਿਹਾ ਅਤੇ ਉਸਨੇ ਇਹ ਕਿਰਤੱਗ-ਭਾਵ ਅਨੇਕ ਪ੍ਰਕਾਰ ਨਾਲ ਵਰਨਣ ਕੀਤਾ ਹੈ :

ਸਤਿਗੁਰੂ ਨਾਇਕ ਨੇ ਪੂਰਨ ਕਿਰਪਾ ਕੀਤੀ
ਨਿਜ ਵਸਤੂ ਵਿਖਾਈ ਮੈਨੂੰ ਆਪਣੀ
ਮੇਰਾ ਸੁਖ ਮੈਨੂੰ ਅੱਖਾਂ ਨਾਲ ਵਿਖਾਇਆ
ਪ੍ਰੇਮ-ਕਲਾ ਨਾਮ-ਮੁਦ੍ਰਾ ਦਿਤੀ
ਏਸ ਕਰਜੇ ਨੂੰ ਮੈਂ ਕਿਸ ਤਰ੍ਹਾਂ ਲਾਹਵਾਂ
ਹੁਣ ਤਾਂ ਇਸ ਤਰ੍ਹਾਂ ਕੀਤਾ ਕਿ ਫੇਰ ਜਨਮ ਨਹੀਂ ਹੋਵੇਗਾ
ਨਾਮਾ ਕਹਿੰਦਾ ਹੈ, ਐਡਾ ਸੌਖ ਕਰ ਦਿਤਾ ਮੇਰੇ ਲਈ
ਵਿਸੋਬਾ ਦੇ ਚਰਨ ਕਦੇ ਨਾ ਭੁਲਾਂਵਾਗਾ

ਗੁਰੂ ਦੇ ਉਪਦੇਸ਼ ਦਾ ਉਸ ਦੇ ਮਨ ਉਪਰ ਕਿੰਨਾ ਕੁ ਪ੍ਰਭਾਵ ਪੈ ਗਿਆ ਸੀ, ਇਸ ਦੀ ਪਰੀਖਿਆ ਸਾਧਕ ਅਵਸਥਾ ਵਿਚ ਕਈ ਵਾਰ ਲਈ ਗਈ। ਇਕਵਾਰ ਉਹ ਰੋਟੀ ਖਾ ਰਿਹਾ ਸੀ ਕਿ ਇਕ ਕੁੱਤਾ ਉਸ ਦੀ ਥਾਲੀ ਵਿਚੋਂ ਰੋਟੀ ਚੁਕ ਉੱਠ ਨੱਸਾ। ਪਰ ਨਾਮਦੇਵ ਤਾਂ ਸਭਨਾ ਸਰੀਰਾਂ ਵਿਚ ਭਗਵਾਨ ਦੀ ਮੂਰਤੀ ਹੀ ਵੇਖਦੇ ਸਨ,

ਉਹ ਘਿਉ ਦੀ ਕੌਲੀ ਚੁਕ ਕੇ ਕੁਤੇ ਪਿਛੇ ਪਿਛੇ ਨੱਸੇ। "ਸੁੱਕੀ ਰੋਟੀ ਨਾ ਖਾ, ਤੈਨੂੰ ਢਿਡ ਪੀੜ ਹੋਵੇਗੀ। ਰੋਟੀ ਨਾਲ ਅਹਿ ਘਿਉ ਵੀ ਲੈ ਲੈ" ਅਜਿਹਾ ਨਾਮਦੇਵ ਨੇ ਕਿਹਾ। ਇਹ ਬੜੀ ਪ੍ਰਸਿੱਧ ਕੱਥਾ ਹੈ। ਇਸ ਤਰ੍ਹਾਂ ਦੀ ਬਿਰਤੀ ਉਹਨਾਂ ਦੇ ਮਨ ਵਿਚ ਜਾਗੀ ਅਤੇ ਉਹਨਾਂ ਦੇ ਮੂੰਹੋਂ ਸਹਿਜ ਸੁਭਾਵ ਹੀ ਨਿਕਲਿਆ :

ਨਚੀਏ ਕੀਰਤਨ ਦੇ ਰੰਗ ਵਿਚ
ਗਿਆਨ ਦਾ ਦੀਵਾ ਦੁਨੀਆਂ ਵਿਚ ਬਾਲੀਏ
ਉਪਰ ਤੋਂ ਵੀ ਪਰ੍ਹਾਂ ਘਰ ਹੈ
ਉਥੇ ਨਿਰੰਤਰ ਰਹੀਏ
ਸਭ ਕਿਸੇ ਦਾ ਕਰਤਾ ਜੋ ਹੈ
ਉਹ ਮੇਰਾ ਪੂਰਨ ਰੂਪ ਹੈ
ਸਾਰੀ ਸੱਤਾ ਹੁਣ ਹੱਥਾਂ ਵਿਚ ਆ ਗਈ
ਨਾਮਦੇਵ ਦਾ ਖਚਰ ਦਾਤਾ ਹੈ

## ਪਹਿਲੀ ਤੀਰਥਾਵਲੀ

ਗਿਆਨਦੇਵ ਅਤੇ ਦੂਸਰੀ ਸੰਤ ਮੰਡਲੀ ਦੀ ਸਤਿਸੰਗਤ ਨਾਮਦੇਵ ਨੂੰ ਲਗਪਗ ਸਾਢੇ ਸਤ ਸਾਲ ਮਿਲੀ। ਏਸ ਸਮੇਂ ਵਿਚ ਪੰਢਰਪੁਰ ਤੋਂ ਆਲੰਦੀ ਤਕ ਦੀ ਮਹਾਰਾਸ਼ਟ੍ਰੀ ਧਰਤੀ ਨਾਮਦੇਵ ਦੇ ਕੀਰਤਨ ਅਤੇ ਗਿਆਨਦੇਵ ਦੀ ਕਥਾ ਨਾਲ ਸਚ ਮੁੱਚ ਗੂੰਜ ਹੀ ਰਹੀ ਸੀ। ਇਹਨਾਂ ਦਿਨਾਂ ਵਿਚ ਹੀ ਇਕ ਵਾਰ ਗਿਆਨਦੇਵ ਨਾਮਦੇਵ ਨੂੰ ਮਿਲਣ ਲਈ ਪੰਢਰਪੁਰ ਆਏ। ਗਿਆਨਦੇਵ ਮੰਨਦੇ ਸਨ ਕਿ ਉਹਨੀਂ ਦਿਨੀਂ ਸਾਰੇ ਤੀਰਥ ਪੰਢਰਪੁਰ ਦੇ ਵਿੱਠਲ ਦੇ ਹੀ ਆਸ ਪਾਸ ਸਨ। ਉਹਨਾਂ ਦੀ ਪ੍ਰੇਮ ਭਗਤੀ ਅਤੇ ਤੀਰਥ ਯਾਤ੍ਰਾ ਦੇ ਬਾਰੇ ਵਿਚ ਅਨਉਤਸੁਕਤਾ ਗਿਆਨਦੇਵ ਨੂੰ ਚੰਗੀ ਲਗੀ। ਉਹ ਬੋਲੇ :

ਉਤਮ ਅਤੇ ਚਤੁਰ ਸਰਬ ਉਦਾਰ
ਤੁਹਾਨੂੰ ਸੋਂਹਦਾ ਹੈ ਪ੍ਰੇਮ ਭਗਤੀ ਦਾ ਅਧਿਕਾਰ
ਸੰਸਾਰ ਵਿਚ ਰਹਿ ਕੇ ਵੀ ਤੂੰ ਭਗਤੀਭਾਵ ਸ਼ੀਲ ਹੈਂ
ਤੂੰ ਪ੍ਰੇਮ-ਸੁਖ ਨੂੰ ਸਾਧ ਲਿਆ ਹੈ

ਪਰ ਨਾਮਦੇਵ ਨੇ ਅੰਤਰਮੁਖ ਹੋ ਕੇ ਵਿਚਾਰ ਕੀਤੀ ਕਿ ਇਹ ਤਾਂ ਸਾਖਿਆਤ ਪਾਰਬ੍ਰਹਮ ਮੂਰਤੀ ਗਿਆਨੇਸ਼ਵਰ ਆਪਣੀ ਸੰਗਤ ਦਾ ਆਦਰ ਕਰ ਰਹੇ ਹਨ।

ਅਜਿਹਾ ਸੁਭਾਗ ਪ੍ਰਾਪਤ ਕਰਨ ਲਈ ਤਾਂ ਵਿਸ਼ਨੂ ਦਾਸ ਦਾ ਜਨਮ ਹੈ। ਪ੍ਰਤੱਖ ਈਸ਼ਵਰ ਨੇ ਨਾਮਦੇਵ ਨੂੰ ਤੀਰਥ ਯਾਤ੍ਰਾ ਉਪਰ ਜਾਣ ਦੀ ਆਗਿਆ ਕੀਤੀ, 'ਜਾਉ, ਸੁਖ ਸਾਂਦ ਨਾਲ ਜਾਉ। ਸ਼ੀਘਰ ਹੀ ਵਰਤ ਰਖੋ। ਸਵੈ ਹਿਤ ਵਰਗਾ ਸਮਝ ਕੇ ਸਾਖਿਆਤ ਈਸ਼ਵਰ ਨੇ ਗਿਆਨੇਸ਼ਵਰ ਦੇ ਸਾਹਮਣੇ ਨਾਮਦੇਵ ਪ੍ਰਤੀ ਆਪਣੀ ਅਸੀਮ ਅਪਣੱਤ ਇਸ ਤਰ੍ਹਾਂ ਪ੍ਰਗਟ ਕੀਤੀ :

ਆਰੂਪ ਪ੍ਰਿਯ ਨਾਮਾ ਮੇਰਾ ਪਗਲਾ ਹੈ
ਉਸ ਨੂੰ ਅਗੇ ਪਿਛੇ ਰਾਹ ਵਿਚ ਸੰਭਾਲਦਾ ਰਹੀਂ
ਉਸ ਦੀ ਭੁੱਖ ਪਿਆਸ ਨੂੰ ਆਪਣੇ ਪ੍ਰਾਣਾਂ ਦੀ
ਭੁੱਖ ਪਿਆਸ ਸਮਝੀਂ
ਮੈਨੂੰ ਉਸ ਦੀ ਬਹੁਤ ਚਿੰਤਾ ਹੈ
ਜੰਗਲ ਵਿਚ ਭੀੜ ਵਿਚ ਉਸਨੂੰ ਸਹਾਇਤਾ ਦੀ ਲੋੜ ਪਵੇਗੀ
ਤੂੰ ਦੁਖੀਆਂ ਦਾ ਦੋਸਤ ਹੈਂ
ਏਹੋ ਵੇਖਕੇ ਮੈਂ ਤੈਨੂੰ ਨਾਲ ਭੇਜ ਰਿਹਾ ਹਾਂ

ਇਸ ਪ੍ਰਕਾਰ ਗਿਆਨ ਰੂਪੀ ਦੇਵ ਅਤੇ ਨਾਮ ਰੂਪੀ ਦੇਵ ਹੱਥਾਂ ਵਿਚ ਹੱਥ ਪਾ ਕੇ ਦੂਜੀ ਭਗਤ-ਮੰਡਲੀ ਨੂੰ ਨਾਲ ਲੈ ਕੇ ਤੀਰਥ ਯਾਤ੍ਰਾ ਉਪਰ ਨਿਕਲੇ :

ਖੜਤਾਲ, ਮ੍ਰਿਦੰਗ, ਵੀਨਾ ਸੁਹਣੇ ਸੁਰ ਵਾਲੇ ਹਨ
ਇਹਨਾਂ ਦੇ ਨਾਲ ਨਾਲ ਗੂੰਜਿਆ ਅੰਬਰ
ਉਹਨਾਂ ਦੇ ਨਾਲ ਤਾਲੀਆਂ ਦਾ ਜੁੜਵਾਂ ਸੂਰ
ਅਪਰੰਪਾਰ ਖਿਚਿਆ ਤੁਰਿਆ ਆਇਆ

ਇਸ ਸੰਤ-ਮੰਡਲੀ ਦੇ ਨਾਲ ਤੀਰਥ-ਯਾਤ੍ਰਾ ਦਾ ਵਰਣਨ ਆਪਣੇ ਤੀਰਥਾਵਲੀ ਨਾਮਕ ਅਭੰਗਾਂ ਵਿਚ, ਨਾਮਦੇਵ ਨੇ ਬੜੇ ਵਿਸਥਾਰ ਨਾਲ ਕੀਤਾ ਹੈ। ਬਾਣੀ ਦਿਲ ਵਿਚੋਂ ਨਿਕਲ ਕੇ ਦਿਲ ਤਕ ਪਹੁੰਚਦੀ ਪ੍ਰਤੀਤ ਹੁੰਦੀ ਹੈ।

## ਨਾਮਦੇਵ ਦੀ ਜੀਵਨੀ ਵਿਚ ਚਮਤਕਾਰ

ਨਾਮਦੇਵ ਦੀ ਤੀਰਥਾਵਲੀ ਅਤੇ ਉਹਨਾਂ ਦੇ ਜੀਵਨ-ਕਥਾਤਮਕ 'ਅਭੰਗ' ਵਿਕੋਲਿਤ੍ਰੇ ਢੰਗ ਨਾਲ ਰਚੇ ਗਏ ਹਨ। ਪੀੜ੍ਹੀ ਦਰ ਪੀੜ੍ਹੀ ਉਹ ਮੌਖਿਕ ਪਰੰਪਰਾ ਦੇ ਰੂਪ ਵਿਚ ਤੁਰੇ ਆਉਂਦੇ ਰਹੇ ਹਨ। ਇਸ ਲਈ ਸਮੇਂ ਸਮੇਂ ਉਪਰ

ਉਹਨਾਂ ਵਿਚ ਬਹੁਤ ਸਾਰੀ ਤਬਦੀਲੀ ਹੁੰਦੀ ਰਹੀ ਹੋਵੇਗੀ ਅਤੇ ਉਹਨਾਂ ਵਿਚ ਨਵੀਆਂ ਗਲਾਂ ਜੁੜਦੀਆਂ ਰਹੀਆਂ ਹੋਣਗੀਆਂ। ਇਸ ਲਈ ਉਹਨਾਂ ਵਿਚਲਾ ਹਰ ਅਭੰਗ ਪ੍ਰਮਾਣਿਕ ਨਹੀਂ ਮੰਨਿਆਂ ਜਾਣਾ ਚਾਹੀਦਾ। ਫਿਰ ਵੀ ਉਹਨਾਂ ਵਿਚ ਕਾਵਿ-ਗੁਣ ਚੋਖੇ ਹਨ। ਉਹਨਾਂ ਵਿਚ ਸ਼ਾਂਤ, ਭਗਤੀ ਅਤੇ ਅਦਭੁਤ ਰਸਾਂ ਦੀ ਸ੍ਰਿਸ਼ਟੀ ਅਲੌਕਿਕ ਹੈ। ਇਹਨਾਂ ਅਭੰਗਾਂ ਦੇ ਆਧਾਰ ਉਪਰ ਨਾਮਦੇਵ ਦੀ ਜੀਵਨ-ਕਥਾ ਉਸਾਰੀ ਜਾਵੇ ਤਾਂ ਉਸ ਵਿਚ ਬਹੁਤ ਸਾਰੀਆਂ ਸਵੈਵਿਰੋਧੀ ਗੱਲਾਂ ਮਿਲਣਗੀਆਂ। ਉਹਨਾਂ ਵਿਚ ਚਮਤਕਾਰਾਂ ਦਾ ਵੀ ਬਹੁਤ ਵੱਡਾ ਅੰਸ਼ ਮਿਲੇਗਾ। ਏਨਾ ਕੁਝ ਹੋਣ ਤੇ ਵੀ ਇਹਨਾਂ ਅਭੰਗਾਂ ਰਾਹੀਂ ਅਤੇ ਨਾਮਦੇਵ ਦੇ ਸਮਕਾਲੀਆਂ ਦੇ ਕੁਝ ਕੁ ਸੂਚਕ ਉਦਗਾਰਾਂ ਰਾਹੀਂ ਨਾਮਦੇਵ ਦੀ ਅਜਿਹੀ ਜੀਵਨੀ ਦੀ ਰੂਪਰੇਖਾ ਉਘਾੜੀ ਜਾ ਸਕਦੀ ਹੈ ਜੋ ਅਜੋਕੀ ਬੁੱਧੀ ਨੂੰ ਸਵੀਕਾਰ ਹੋਵੇ।

ਨਾਮਦੇਵ ਨੇ ਗਿਆਨੇਸ਼ਵਰ ਆਦਿ ਸੰਤ-ਮੰਡਲੀ ਦੇ ਨਾਲ ਤੀਰਥ-ਯਾਤ੍ਰਾ ਕੀਤੀ। ਇਸ ਯਾਤ੍ਰਾ ਨਾਲ ਉਹਨਾਂ ਨੂੰ ਆਪਣਾ ਆਪਾ ਵਿਕਸਿਤ ਕਰਨ ਵਿਚ ਬਹੁਤ ਸਹਾਇਤਾ ਮਿਲੀ। ਹੁਣ ਤਕ ਉਹਨਾਂ ਦੀ ਭਗਤੀ ਦਾ ਖੇਤਰ ਕੇਵਲ ਪੰਢਰਪੁਰ ਦੇ ਵਿੱਠਲ ਦੇ ਆਸਪਾਸ ਤਕ ਹੀ ਸੀਮਿਤ ਸੀ। ਹੁਣ ਉਸਨੂੰ ਮਹਾਰਾਸ਼ਟਰ ਤੋਂ ਬਾਹਰ ਦਾ ਵਿਆਪਕ ਖੇਤਰ ਮਿਲਿਆ। ਉਤਰ ਭਾਰਤ ਦੇ ਅਨੇਕ ਪ੍ਰਦੇਸ਼ਾਂ ਵਿਚ ਤੁਰ ਫਿਰ ਕੇ ਉਹਨਾਂ ਨੇ ਅਨੇਕ ਸੰਤਾਂ ਦੀ ਸੰਗਤ ਕੀਤੀ। ਪੰਢਰਪੁਰ ਤੋਂ ਚਲ ਕੇ ਉਹ ਦਵਾਰਕਾ ਤਕ ਗਏ। ਪ੍ਰਭਾਸ ਤੀਰਥ ਤੋਂ ਉਹ ਮਾਰਵਾੜ ਗਏ। ਉਥੇ ਬੀਕਾਨੇਰ ਦੇ ਪਾਸ ਕੇਲਾਦ ਜੀ ਨਾਮਕ ਪਿੰਡ ਵਿਚ ਪਾਣੀ ਬੜੀ ਮੁਸ਼ਕਲ ਨਾਲ ਮਿਲਦਾ ਸੀ। ਨਾਮਦੇਵ ਨੇ ਕੇਵਲ ਭਗਤੀ-ਬਲ ਦੇ ਸਹਾਰੇ ਉਥੋਂ ਦੇ ਡੂੰਘੇ ਖੂਹ ਵਿਚੋਂ ਪਾਣੀ ਬਾਹਰ ਕਢ ਲਿਆ ਅਤੇ ਇਕ ਝਰਨੇ ਦੀ ਰਚਨਾ ਕੀਤੀ। ਉਸ ਵੇਲੇ ਆਪ ਗਿਆਨਦੇਵ ਨੇ ਉਹਨਾਂ ਦੀ ਉਸਤਤ ਕੀਤੀ ਅਤੇ ਸਹਿਜ ਸੁਭਾਵ ਬੋਲ ਉਚਾਰੇ :

ਰਿਸ਼ੀਮੁਨੀ ਗੰਧਰਵ ਬਰਮ੍ਹਾ ਆਦਿ ਸਭ
ਵੇਖਦੇ ਹਨ ਸਥਾਨ ਅਰੂਪ ਦਾ
ਤੂੰ ਉਸੇ ਨੂੰ ਸਾਡੇ ਸਾਹਮਣੇ ਖੜਾ ਕਰ ਦਿਤਾ ;
ਚਰਣਾਂ ਵਿਚ ਨਿਵਦਾ ਹੈ ਗਿਆਨਦੇਵ

ਇਹ ਨਾਮਦੇਵ ਨਾਮਕ ਖੂਹ ਅਜ ਤਕ ਵੀ ਪ੍ਰਸਿੱਧ ਹੈ। ਹੁਣ ਇਹ ਤੀਰਥ-ਯਾਤ੍ਰਾ ਉਤਰ ਤੋਂ ਦੱਖਣ ਵਲ ਆਵੰਢਿਆ ਨਾਗਨਾਥ ਤਕ ਆਈ। ਉਥੇ ਨਾਗਨਾਥ ਦੇ ਮੰਦਰ ਦੇ ਸਾਹਮਣੇ ਨਾਮਦੇਵ ਦਾ ਕੀਰਤਨ ਚਲ ਰਿਹਾ ਸੀ। ਉਥੋਂ ਦੇ ਬ੍ਰਾਹਮਣਾਂ ਨੂੰ ਇਹ ਗਲ ਠੀਕ ਨਾ ਲਗੀ। ਉਹਨਾਂ ਨੇ ਨਾਮਦੇਵ ਨੂੰ ਮੰਦਰ ਦੇ ਮੱਥੇ ਵਲੋਂ ਨਸਾ ਕੇ ਮੰਦਰ ਦੇ ਪਿਛਵਾੜੇ ਭੇਜ ਦਿਤਾ। ਨਾਮਦੇਵ ਦੇ ਨਾਲ ਨਾਲ

ਸਾਰੀ ਭਜਨਮੰਡਲੀ ਮੰਦਰ ਦੇ ਪਿਛਵਾੜੇ ਵਲ ਆ ਗਈ । ਨਾਮਦੇਵ ਦੀ ਸਥਿਤੀ ਕੁਝ ਅਜਿਹੀ ਹੋ ਗਈ ਕਿ ਅਚਣਚੇਤ ਬ੍ਰਹਮਾਨੰਦ ਵਿਚ ਸਮਾਧੀ ਲਗ ਗਈ । ਤਾਂ ਵੀ ਕੀਰਤਨ ਵਿਚ ਹੁਣ ਪਹਿਲੇ ਵਰਗਾ ਰੰਗ ਨਹੀਂ ਸੀ ਦਿਸ ਰਿਹਾ । ਨਾਮਦੇਵ ਦੇ ਧਿਆਨ ਵਿਚ ਇਹ ਗਲ ਆਈ । ਉਸ ਨੇ ਬੜੀ ਦੀਨਤਾ ਨਾਲ ਭਗਵਾਨ ਅਗੇ ਬੇਨਤੀ ਕੀਤੀ । ਪਹਿਲਾਂ ਇਕ ਵਾਰ ਇਕ ਸੁਲਤਾਨ ਨੇ ਨਾਮਦੇਵ ਨੂੰ ਪਕੜ ਬੁਲਾਇਆ ਅਤੇ ਉਸ ਦੇ ਸਾਹਮਣੇ ਇਕ ਗਊ ਕਤਲ ਕਰਾਈ ਸੀ । ਭਗਤੀ ਦੀ ਸ਼ਕਤੀ ਨਾਲ ਇਹ ਗਊ ਨਾਮਦੇਵ ਨੇ ਸੁਰਜੀਤ ਕਰ ਦਿਤੀ ਸੀ । ਖੂਹ ਵਿਚੋਂ ਪਾਣੀ ਵੀ ਉਸ ਨੇ ਬਾਹਰ ਕਢ ਲਿਆ ਸੀ । ਇਹਨਾਂ ਗੱਲਾਂ ਦਾ ਚੇਤਾ ਕਰਾ ਕੇ ਨਾਮਦੇਵ ਕਹਿੰਦੇ ਹਨ :

ਹੁਣ ਤੇਰਾ ਚਿਤ ਕਿਉਂ ਕਠੋਰ ਹੋ ਗਿਆ
ਕਿਉਂ ਨਹੀਂ ਛੇਤੀ ਛੇਤੀ ਆਉਂਦਾ ਵਿੱਠਲ
ਮੇਰੀ ਵਲ ਪਿੱਠ ਕਰਕੇ ਮੰਦਰ ਵਿਚ ਜਾ ਬੈਠਾ ਹੈਂ
ਹੁਣ ਕਿਰਪਾ ਦ੍ਰਿਸ਼ਟੀ ਨਾਲ ਮੈਨੂੰ ਵੇਖ
ਮੈਨੂੰ ਮਿਲ ਪਉ, ਹੇ ਜ਼ਗਤ ਪਿਤਾ

ਇਹ ਬੋਲ ਨਾਮਦੇਵ ਦੇ ਮੂੰਹੋਂ ਨਿਕਲੇ ਹੀ ਸਨ ਕਿ ਮੰਦਰ ਦਾ ਮੱਥਾ ਪੂਰਬ ਵਲੋਂ ਹਟ ਕੇ ਪੱਛਮ ਵਲ ਹੋ ਗਿਆ । ਅਜਿਹੀ ਕਹਾਣੀ ਹੈ ।

ਅਜ ਵੀ ਆਵੰਢਿਆ, ਨਾਗਨਾਥ ਦੇ ਮੰਦਰ ਦਾ ਮੂੰਹ ਪੱਛਮ ਵਲ ਹੈ । ਏਨੀ ਗਲ ਤਾਂ ਸਪਸ਼ਟ ਵਿਖਾਈ ਦੇਂਦੀ ਹੈ । ਪਰ ਨਾਮਦੇਵ ਦੀ ਜੀਵਨੀ ਦੀ ਇਹ ਕਹਾਣੀ ਅਤੇ ਇਹ ਕਰਾਮਾਤ ਅੱਖਰ ਅੱਖਰ ਸਚ ਮੰਨ ਲਈ ਜਾਵੇ, ਅਜਿਹਾ ਜ਼ਰੂਰੀ ਨਹੀਂ । ਕਰਾਮਾਤ ਦਾ ਮੁਲ ਦੂਜੇ ਦਰਜੇ ਦਾ ਹੈ, ਪਹਿਲੇ ਦਰਜੇ ਦਾ ਮੁਲ ਤਾਂ ਇਸ ਦੀ ਪ੍ਰਤੀਕਾਤਮਕਤਾ ਵਿਚ ਹੈ । ਨਾਮਦੇਵ ਦੀ ਜੀਵਨੀ ਸਮਝਣ ਲਈ ਇਹ ਪ੍ਰਤੀਕਾਤਮਕਤਾ ਬਹੁਤ ਉਪਯੋਗੀ ਅਤੇ ਮਹੱਤਵਪੂਰਨ ਹੈ ।

## ਗਿਆਨਦੇਵ ਦਾ ਬਿਰਹੋਂ

ਤੀਰਥ-ਯਾਤ੍ਰਾ ਕਰਕੇ ਨਾਮਦੇਵ ਪੰਢਰ ਵਾਪਸ ਆਇਆ, ਉਸਨੂੰ ਗਿਆਨ-ਦ੍ਰਿਸ਼ਟੀ ਪ੍ਰਾਪਤ ਹੋ ਚੁੱਕੀ ਸੀ—

ਤੀਰਥ ਕਰਨ ਨਾਮਾ ਪੰਢਰੀ 'ਚ ਆਇਆ

ਪ੍ਰਾਣ-ਪਿਆਰੇ ਵਿਠੋਬਾ ਨੂੰ ਮਿਲਿਆ
ਅਗਿਆਨ ਦਾ ਟੋਟਾ ਮੇਰੇ ਮਨ ਵਿਚ ਸੀ
ਇਸ ਲਈ ਦੇਸ ਦੇਸ਼ ਵਿਚ ਘੁਮਾਇਆ।

ਇਸ ਤੀਰਥ-ਯਾਤ੍ਰਾ ਸਦਕਾ ਨਾਮਦੇਵ ਦਾ ਸੰਤ-ਮੰਡਲੀ ਨਾਲ ਨਿਕਟ ਸੰਬੰਧ ਸਥਾਪਿਤ ਹੋਇਆ। ਗਿਆਨੇਸ਼ਵਰ ਨਾਲ ਤਾਂ ਉਨ੍ਹਾਂ ਦੀ ਡੂੰਘੀ ਅਪੱਣਤ ਹੋ ਗਈ। ਉਨ੍ਹਾਂ ਦੀ ਮਿਤਰਤਾ ਦਾ ਵਰਣਨ ਜਨਾਬਾਈ ਨੇ ਇਸ ਪ੍ਰਕਾਰ ਕੀਤਾ ਹੈ :

ਮਿੱਤਰ ਵਿਰਲਾ ਗਿਆਨੇਸ਼ਵਰ
ਨਾਮਦੇਵ ਦਾ ਪਿਆਰਾ ਹੈ।

ਗਿਆਨਦੇਵ ਅਤੇ ਨਾਮਦੇਵ ਦਾ ਮੇਲ-ਮਿਲਾਪ ਥੋੜ੍ਹੇ ਚਿਰ ਲਈ ਹੀ ਰਿਹਾ। ਤੀਰਥ-ਯਾਤ੍ਰਾ ਤੋਂ ਵਾਪਸ ਆ ਕੇ ਕੁਝ ਹੀ ਦਿਨਾਂ ਦੇ ਬਾਦ ਗਿਆਨੇਸ਼ਵਰ ਨੇ ਸਮਾਧੀ ਲੈ ਲੈਣ ਦੀ ਇਛਿਆ ਪ੍ਰਗਟ ਕੀਤੀ। ਬਾਲਯੋਗੀ, ਗਿਆਨੀਆਂ ਦਾ ਸਿਰਮੌਰ ਅਤੇ ਯੋਗੀਆਂ ਦਾ ਮਿੱਤਰ ਸਮਾਧੀ ਲੈਣ ਲਗਾ ਹੈ—ਇਹ ਉਤਸਵ ਵੇਖਣ ਲਈ ਸਾਰੀ ਸੰਤਮੰਡਲੀ ਆਲੰਦੀ ਵਿਚ ਇਕੱਠੀ ਹੋਈ। ਇਸ ਪ੍ਰਸੰਗ ਦਾ ਨਾਮਦੇਵ ਨੇ ਜੋ ਵਰਣਨ ਕੀਤਾ ਹੈ ਉਹ ਮਰਾਠੀ ਸਾਹਿਤ ਵਿਚ 'ਸਮਾਧੀ ਦੇ ਅਭੰਗ ਨਾਮ ਨਾਲ ਅਜਰ ਅਮਰ ਹੈ। ਗਿਆਨੇਸ਼ਵਰ ਦੀ ਸਮਾਧੀ ਵੇਲੇ ਦੇ ਸੂਖਮ ਵੇਰਵੇ ਇਨ੍ਹਾਂ ਅਭੰਗਾਂ ਵਿਚ ਅਤਿਅੰਤ ਪ੍ਰਭਾਵਸ਼ਾਲੀ ਢੰਗ ਨਾਲ ਵਰਣਨ ਕੀਤੇ ਗਏ ਹਨ। ਉਹ ਕਰੁਣ ਰਸ ਨਾਲ ਓਤ-ਪੋਤ ਹੈ।

ਨਾਮਾ ਕਹਿੰਦਾ ਹੈ ਹੁਣ ਸੂਰਜ ਲੁਕ ਗਿਆ। ਪਿਤਾ ਗਿਆਨੇਸ਼ਵਰ ਨੇ ਸਮਾਧੀ ਲੈ ਲਈ। ਇਸ ਘਟਨਾ ਦਾ ਨਾਮਦੇਵ ਉਪਰ ਜੋ ਪ੍ਰਭਾਵ ਪਿਆ ਉਸਦੀ ਕਲਪਣਾ ਨਹੀਂ ਕੀਤੀ ਜਾ ਸਕਦੀ। ਕੀੜੀਆਂ ਦੇ ਭੌਣ ਨੂੰ ਅੱਗ ਲਗ ਜਾਵੇ, ਇਸ ਪ੍ਰਸੰਗ ਨਾਲ ਇਸੇ ਪ੍ਰਕਾਰ ਦਾ ਮਾਨਸਿਕ ਦੁਖ ਸਭ ਨੂੰ ਹੋਇਆ। ਨਦੀ ਦੀਆਂ ਮਛਲੀਆਂ ਨੂੰ ਕੋਈ ਨਸ਼ੀਲੀ ਵਸਤ ਖੁਆ ਦਿੱਤੀ ਜਾਵੇ, ਜਿਸ ਤਰ੍ਹਾਂ ਦੀ ਤਿਲਮਿਲਾਹਟ ਉਨ੍ਹਾਂ ਨੂੰ ਹੁੰਦੀ ਹੈ, ਉਸ ਤਰ੍ਹਾਂ ਹੀ ਸਾਰੀ ਜਨਤਾ ਦਾ ਮਨ ਮਥਿਆ ਗਿਆ। ਇਲ ਇਕ ਦਮ ਅਸਮਾਨ ਵਿਚ ਉਠ ਜਾਵੇ, ਉਸਦੇ ਪਿਛੋਂ ਜੋ ਹਾਲਤ ਉਸਦੇ ਬੋਟਾਂ ਦੀ ਹੁੰਦੀ ਹੈ, ਉਸੇ ਪ੍ਰਕਾਰ ਦੀ ਹਾਲਤ ਲੋਕਾਂ ਦੀ ਹੋਈ।

ਨਾਮਾ ਕਹਿੰਦਾ ਹੈ ਹੇ ਈਸ਼ਵਰ, ਗਿਆਨਦੇਵ ਸ੍ਰਿਸ਼ਟੀ
ਕੀ ਹੁਣ ਦ੍ਰਿਸ਼ਟੀ ਵਿਚ ਆਵੇਗੀ ?
ਸੰਤਾਂ ਨੂੰ ਬਿਰਹੋਂ ਹੋਇਆ, ਮਿੱਤਰ ਹੁਣ ਦੂਰ ਗਿਆ

ਹੁਣ ਮੈਂ ਪੰਢਰਪੁਰ ਕਿਵੇਂ ਰਹਾਂ ? ॥੨੪੮॥

ਨਾਮਦੇਵ ਦੇ ਮਨ ਵਿਚ ਹੌਲੇ ਹੌਲੇ ਇਹ ਵਿਚਾਰ ਪੱਕਾ ਹੋਣ ਲਗਾ ਕਿ ਮੈਂ ਪੰਢਰਪੁਰ ਛਡ ਕੇ ਕਿਸੇ ਦੂਰ ਦੇਸ਼ ਚਲਾ ਜਾਵਾਂ :—

ਏਦਾਂ ਮੈਂ ਕਰਾਂਗਾ ਵਿਠੋਬਾਰਾਇਆ ਸੁਣੋ
ਪੰਢਰੀ ਦਾ ਵਾਸ ਛਡ ਦੇਵਾਂਗਾ
ਹੁਣ ਮੈਂ ਜਾ ਕੇ ਦੂਰ ਦੇਸ ਵਿਚ ਰਹਾਂਗਾ
ਭਗਤੀ ਦੀ ਆਸ ਛੱਡ ਕੇ
ਉਦਾਸ ਹੋ ਗਿਆ ਹੈ ਮੇਰਾ ਚਿੱਤ, ਹੇ ਈਸ਼ਵਰ
ਹੇ ਕੇਸ਼ਵ, ਮਾਈ ਮਾਪ, ਮੈਂ ਜਾਵਾਂਗਾ
ਆਪਣੇ ਨਾਲ ਪੰਢਰੀ ਲੈ ਜਾਵਾਂਗਾ
ਲੈ ਜਾਵਾਂਗਾ ਸੰਤਨਗਰੀ ਭੀਮਾ ਨਦੀ ਦੀ ਮਿੱਟੀ
ਏਥੇ ਪੰਢਰੀ ਸੀ, ਏਥੇ ਕਿਹੋ ਜਿਹੇ ਲੋਕ ਵਸਦੇ ਸਨ
ਵੇਖਣਾ, ਅੱਗੇ ਚਲ ਕੇ ਲੋਕ ਏਦਾਂ ਕਹਿਣਗੇ

ਨਾਮਦੇਵ ਨੇ ਆਪਣੀ ਪ੍ਰਤਿਗਿਆ ਆਪਣੀ ਪਿਛਲੀ ਉਮਰ ਵਿਚ ਪੂਰੀ ਕਰ ਵਿਖਾਈ।

## ਨਾਮਦੇਵ ਦਾ ਉਤਰ-ਜੀਵਨ : ਦੂਸਰੀ ਤੀਰਥਾਵਲੀ

ਗਿਆਨੇਸ਼ਵਰ ਦੇ ਜੋਤੀ ਜੋਤ ਸਮਾਉਣ ਦੇ ਬਾਦ ਨਾਮਦੇਵ ਨੇ ਲਗਭਗ ੫੫-੫੬ ਵਰ੍ਹਿਆਂ ਦੀ ਉਮਰਾ ਭੋਗੀ, ਪਰ ਉਨ੍ਹਾਂ ਦਾ ਉਸ ਸਮੇਂ ਦਾ ਜੀਵਨ ਉਨ੍ਹਾਂ ਦੇ ਮਰਾਂਠੀ ਅਭੰਗਾਂ ਵਿਚ ਨਹੀਂ ਮਿਲਦਾ, ਗਿਆਨੇਸ਼ਵਰ ਦੀ ਸਮਾਧੀ ਨਾਲ ਉਨ੍ਹਾਂ ਦੇ ਜੀਵਨ ਵਿਚ ਦੂਸਰਾ ਮੋੜ ਆਇਆ। ਗਿਆਨੇਸ਼ਵਰ ਦੀ ਸੰਗਤ ਵਿਚ ਉਨ੍ਹਾਂ ਨੇ ਉਤਰ ਭਾਰਤ ਦੇ ਅਨੇਕ ਪ੍ਰਦੇਸ਼ ਵੇਖੇ। ਅਜੋਕਾ ਪੰਜਾਬ ਵੀ ਉਨ੍ਹਾਂ ਪ੍ਰਦੇਸ਼ਾਂ ਵਿੱਚੋਂ ਇਕ ਸੀ ! ਹੁਣ ਉਨ੍ਹਾਂ ਦੀ ਉਤਰ ਵਲ ਦੂਸਰੀ ਯਾਤ੍ਰਾ ਸ਼ੁਰੂ ਹੋਈ। ਪਰ ਐਤਕੀਂ ਉਹ ਇੱਕਲੇ ਸਨ; ਗਿਆਨੇਸ਼ਵਰ ਉਨ੍ਹਾਂ ਦੇ ਨਾਲ ਨਹੀਂ ਸੀ। ਨਾਮਦੇਵ ਦਾ ਉੱਤਰ-ਜੀਵਨ ਇਸ ਤਰ੍ਹਾਂ ਹੈ ਮਾਨੋ ਉਨ੍ਹਾਂ ਨੇ ਭਗਤੀ-ਮਾਰਗ ਦਾ ਪ੍ਰਚਾਰ ਕਰਨ ਲਈ ਪੁਨਰਜਨਮ ਲਿਆ ਹੋਵੇ :

ਭਗਤੀ ਰਸ ਦਾ ਪ੍ਰੇਮ ਦਿਉ

ਪ੍ਰਭਜੀ ਮੈਨੂੰ ਦੂਸਰਾ ਜਨਮ ਦਿਉ
ਜੇ ਕਰ ਪ੍ਰੇਮ ਹਥ ਵਿਚ ਆ ਜਾਵੇ
ਤਾਂ ਅਸੀਂ ਜਿੱਥੇ ਵੀ ਵੱਸਾਂਗੇ ਤਿਥੇ ਪੰਢਰੀ ਆ ਜਾਵੇਗੀ ।।੨੫੯।।

ਏਦਾਂ ਨਾਮਦੇਵ ਪੰਢਰਪੁਰੋਂ ਤੁਰ ਪਏ । ਉਨ੍ਹਾਂ ਸਾਰਾ ਉਤਰ ਭਾਰਤ ਗਾਹ ਮਾਰਿਆ । ਓੜਕ ਉਹ ਪੰਜਾਬ ਵਲ ਮੁੜੇ । ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਸਭ ਕੰਮ ਈਸ਼ਵਰੀ ਸੰਕੇਤ ਆਸਰੇ ਹੋ ਰਹੇ ਸਨ। ਉਨ੍ਹਾਂ ਕਦੀ ਕਿਹਾ ਸੀ ਕਿ ਮੈਂ ਆਪਣੇ ਨਾਲ ਪੰਢਰੀ ਲੈ ਜਾਵਾਂਗਾ; ਮੈਂ ਜਿੱਥੇ ਵੀ ਵੱਸਾਂਗਾਂ ਓਥੇ ਹੀ ਪੰਢਰੀ ਹੋਵੇਗੀ। ਉਨ੍ਹਾਂ ਦੀ ਇਹ ਰੀਝ ਇਸ ਦੂਸਰੀ ਤੀਰਥ-ਯਾਤ੍ਰਾ ਵੇਲੇ ਪ੍ਰਤੱਖ ਪੂਰੀ ਹੋ ਰਹੀ ਸੀ। ਪੰਜਾਬ ਪ੍ਰਦੇਸ਼ ਵਿਚ ਪਹੁੰਚ ਕੇ ਉਨ੍ਹਾਂ ਇਕ ਸੰਤ-ਮੰਡਲੀ ਸਥਾਪਿਤ ਕੀਤੀ। ਪੰਜਾਬੀ ਭਾਸ਼ਾ ਵਿਚ ਲਿਖੀ ਹੋਈ 'ਜਨਮਸਾਖੀ' ਵਿਚ ਨਾਮਦੇਵ ਦੀ ਜੋ ਜੀਵਨੀ ਦਿੱਤੀ ਹੋਈ ਹੈ, ਉਸਦੀਆਂ ਪ੍ਰਮੁੱਖ ਘਟਨਾਂਵਾਂ ਮਹਾਰਾਸ਼ਟਰ ਵਿਚ ਪ੍ਰਚਲਿਤ ਜੀਵਨੀ ਤੋਂ ਵਖਰੀਆਂ ਨਹੀਂ ਹਨ। ਨਾਮਦੇਵ ਦਾ ਜਨਮਕਾਲ ਅਤੇ ਮਿਰਤੂਕਾਲ ਉਸ ਜੀਵਨੀ ਵਿਚ ਅਲਗ ਦਿੱਤੇ ਹੋਏ ਹਨ। ਫੇਰ ਵੀ, ਆਧੁਨਿਕ ਯੁਗ ਵਿਚ ਜੋ ਖੋਜ ਹੋਈ ਹੈ ਉਸ ਤੋਂ ਇਹੋ ਸਿਧ ਹੁੰਦਾ ਹੈ ਕਿ ਦੋਵੇਂ ਨਾਮਦੇਵ ਇੱਕੋ ਹੀ ਹਨ ਅਤੇ ਉਨ੍ਹਾ ਦਾ ਜੀਵਨਕਾਲ ਈਸਵੀ ੧੨੭੦ ਤੋਂ ੧੩੫੦ ਹੀ ਹੈ। ਇਸ ਵਿਚ ਹੁਣ ਬਹੁਤਾ ਮਤਭੇਦ ਨਹੀਂ ਰਿਹਾ।

ਨਾਮਦੇਵ ਪੰਜਾਬ ਵਿਚ ਲਗਭਗ ਵੀਹ ਵਰ੍ਹੇ ਟਿਕੇ ਰਹੇ। ਪੰਢਰਪੁਰੋਂ ਚਲ ਕੇ ਭਗਤੀਮਾਰਗ ਦਾ ਪ੍ਰਚਾਰ ਕਰਦੇ ਹੋਏ ਉਹ ਪਹਿਲਾਂ ਦਵਾਰਕਾ ਗਏ, ਓਥੋਂ ਮਾਰਵਾੜ, ਮਥੁਰਾ, ਹਰਿਦਵਾਰ ਪਹੁੰਚੇ ਅਤੇ ਬਾਦ ਵਿਚ ਪੰਜਾਬ ਵਲ ਗਏ। ਪੰਜਾਬ ਵਿਚ ਅਮ੍ਰਿਤਸਰ ਜ਼ਿਲੇ ਦੇ 'ਭੂਤਪਿੰਡ' ਵਿਚ ਉਹ ਪਹਿਲਾਂ ਗਏ। ਓਥੇ ਉਨ੍ਹਾਂ ਨੂੰ ਬਹੋਰਦਾਸ ਨਾਮ ਦਾ ਪਹਿਲਾ ਸਿਖ ਮਿਲਿਆ। ਓਥੋਂ ਉਹ ਅਜ ਕਲ ਦੇ ਗੁਰਦਾਸਪੁਰ ਜਿਲੇ ਦੇ ਮਰੜ ਪਿੰਡ ਵਿਚ ਆਏ ਅਤੇ ਫਿਰ ਭੱਟੀਵਾਲ ਪਹੁੰਚੇ। ਭੱਟੀਵਾਲ ਵਿਚ ਜਿਸ ਤਲਾ ਦੇ ਕੰਢੇ ਉਨ੍ਹਾਂ ਡੇਰਾ ਲਾਇਆ ਉਸਨੂੰ ਅਜ ਤੀਕਰ ਵੀ 'ਨਾਮਿਆਣਾ ਤਲਾ' ਕਹਿੰਦੇ ਹਨ। ਲੱਢਾ ਅਤੇ ਜੱਲਾ ਨਾਮਦੇਵ ਦੇ ਦੋ ਸਿਖ ਬਣੇ ਜੋ ਆਪਣੇ ਅਨੁਯਾਈਆਂ ਸਹਿਤ ਸੁੱਖੋਵਾਲ ਅਤੇ ਧਾਰੀਵਾਲ ਪਿੰਡਾਂ ਵਿਚ ਰਹਿੰਦੇ ਸਨ।

ਨਾਮਦੇਵ ਨੇ ਆਪਣੀ ਧਰਮ-ਧਾਰਨਾ ਲਈ ਜੰਗਲ ਦਾ ਇਕ ਇਕਾਂਤ ਥਾਂ ਚੁਣਿਆ ਅਤੇ ਓਥੇ ਹੀ ਰਹਿਣ ਲੱਗੇ। ਪਰ ਏਥੇ ਵੀ ਉਹਨਾਂ ਦੇ ਸਿੱਖ ਪ੍ਰਸਿੱਖ ਜਮਾਂ ਹੋਣ ਲਗੇ। ਉਨ੍ਹਾਂ ਦੇ ਆਸ਼੍ਰਮ ਦੇ ਕੋਲ ਹੀ ਘੋਮਾਨ ਨਾਮ ਦਾ ਨਵਾਂ ਪਿੰਡ ਵਸ ਪਿਆ। ਏਥੇ ਹੀ ਉਨ੍ਹਾਂ ਨੂੰ ਕੇਸ਼ੋ ਨਾਮ ਦੀ ਸਿਖ ਮਿਲਿਆ। ਉਸ ਸਮੇਂ ਦੇ ਦਿੱਲੀ ਦੇ ਸੁਲਤਾਨ ਆਲਮ ਉਰਫ ਅਲਾਉਦੀਨ ਨੇ ਨਾਮਦੇਵ ਨੂੰ ਇਕ ਮੰਦਰ ਬਨਾਉਣ ਲਈ ਜਾਗੀਰ ਦਿੱਤੀ। ਅਠਾਰ੍ਹਵੀਂ ਸਦੀ ਵਿਚ ਏਸੇ ਥਾਂ ਸੰਤ ਨਾਮਦੇਵ ਦੀ ਯਾਦ ਵਿਚ

ਇਕ ਸੁੰਦਰ ਮੰਦਰ ਬਣਵਾਇਆ ਗਿਆ ।

ਨਾਮਦੇਵ ਦੇ ਉਤਰ-ਜੀਵਨ ਅਤੇ ਉਨ੍ਹਾਂ ਦੇ ਪੰਜਾਬ-ਨਿਵਾਸ ਦੀ ਜਾਨਕਾਰੀ ਮਰਾਠੀ ਵਿਚ ਨਹੀਂ ਮਿਲਦੀ । ਤਾਂ ਵੀ, ਉਹਨਾਂ ਪੰਜਾਬ ਵਿਚ ਟਿਕੇ ਰਹੇ ਅਤੇ ਭਗਤਮਾਰਗ ਦਾ ਪ੍ਰਚਾਰ ਕਰਦੇ ਰਹੇ—ਇਸ ਦੇ ਕੁਝ ਸੰਕੇਤ ਪੰਜਾਬੀ ਭਾਸ਼ਾ ਵਿਚ ਮਿਲਦੇ ਹਨ । ਨਾਮਦੇਵ ਦੇ ਸਿੱਖਾਂ ਵਿਚ ਵਿਸ਼ਨੂੰ ਸਵਾਮੀ, ਬਹੋਰਦਾਸ, ਲੱਢਾ, ਜੱਲਾ ਅਤੇ ਕੇਸ਼ੋ ਕਲ ਧਾਰੀ ਦੀਆਂ ਰਚਨਾਵਾਂ ਪ੍ਰਸਿੱਧ ਹਨ । ਉਨ੍ਹਾਂ ਦੇ ਭਗਤੀ ਮਾਰਗ ਦਾ ਪ੍ਰਚਾਰ ਬਾਦ ਵਿਚ ਅਨੇਕ ਸਾਧੂ ਸੰਤਾਂ ਨੇ ਕੀਤਾ । ਉਨ੍ਹਾਂ ਵਿਚੋਂ ਰਾਮਾਨੰਦ, ਕਬੀਰ, ਗੁਰੂ ਨਾਨਕ, ਰੈਦਾਸ ਅਤੇ ਪੀਪਾ ਨੇ ਆਪਣੀ ਬਾਣੀ ਵਿਚ ਨਾਮਦੇਵ ਦਾ ਉਲੇਖ ਆਦਰ ਨਾਲ ਕੀਤਾ ਹੈ ।

## ਆਦਿ ਗ੍ਰੰਥ ਵਿਚ ਨਾਮਦੇਵ

ਨਾਮਦੇਵ ਦੀ ਬਾਣੀ ਦੀ ਸਭ ਤੋਂ ਉਘੀ ਨਿਸ਼ਾਨੀ ਹੈ ਨਾਮਦੇਵ ਦੇ ਇਕਾਹਠ ਪਦਾਂ ਦਾ ਆਦਿ ਗ੍ਰੰਥ ਵਿਚ ਸੰਕਲਨ । ਨਾਮਦੇਵ ਅਤੇ ਗੁਰੂ ਨਾਨਕ ਦੇਵ ਦਾ ਜਨਮ-ਕਾਲ ਵਿਚਕਾਰ ਦੋ ਸੋ ਵਰ੍ਹਿਆਂ ਦੀ ਵਿਥ ਹੈ । ਗੁਰੂ ਨਾਨਕਦੇਵ ਦੁਆਰਾ ਸਥਾਪਿਤ ਸਿਖ ਧਰਮ ਦੇ ਜੋ ਮੁਖ ਅਧਿਆਤਮਕ ਤੱਤ ਹਨ, ਉਹ ਗੁਰੂ ਨਾਨਕਦੇਵ ਨੇ ਆਪਣੀ ਰਚਨਾਂ 'ਜਪੁਜੀ' ਦੇ ਮੂਲ-ਮੰਤਰ ਵਿਚ ਅੰਕਿਤ ਕਰ ਦਿੱਤੇ ਹਨ :

ਸਤਿਨਾਮੁ ਕਰਤਾਪੁਰਖ
ਨਿਰਭਉ ਨਿਰਵੈਰ ਅਕਾਲ ਮੂਰਤਿ
ਅਜੂਨੀ ਸੈਭੰ ਗੁਰਪ੍ਰਸਾਦਿ

ਗੁਰੂ ਨਾਨਕ ਦੇਵ ਦਾ ਇਹ ਮੂਲਮੰਤਰ ਨਾਮਦੇਵ ਦੀ ਸਿਖਿਆ ਦਾ ਦੂਸਰੀ ਭਾਸ਼ਾ ਵਿਚ ਲਗਭਗ ਅਨੁਵਾਦ ਹੀ ਹੈ, ਗਰੂ ਨਾਨਕਦੇਵ ਦੀ ਸਿਖਿਆ ਅਤੇ ਆਦਿ ਗ੍ਰੰਥ ਵਿਚ ਈਸ਼ਵਰ ਦੇ ਨਾਮ ਉਸਦੇ ਸਿਮਰਨ ਨੂੰ ਪ੍ਰਮੁਖ ਸ਼ਥਾਨ ਦਿੱਤਾ ਗਿਆ ਹੈ । ਇਸ ਦਾ ਮੁਖ ਪ੍ਰੇਰਨਾ-ਸ੍ਰੋਤ ਨਾਮਦੇਵ ਹੈ, ਅਜੇਹਾ ਅਨੁਮਾਨ ਕੀਤਾ ਜਾ ਸਕਦਾ ਹੈ ।

ਕੁਝ ਲੇਖਕਾਂ ਦੇ ਅਨੁਸਾਰ ਗਿਆਨਦੇਵ ਕ ਲੀਨ ਮਰਾਠੀ ਅੰਭਗਾਂ ਦਾ ਰਚਨਹਾਰ ਕੋਈ ਹੋਰ ਨਾਮਦੇਵ ਹੈ ਅਤੇ ਉਹ ਨਾਮਦੇਵ ਜਿਸਦੇ ਸ਼ਬਦ 'ਆਦਿ ਗ੍ਰੰਥ' ਵਿਚ ਸ਼ਾਮਲ ਕੀਤੇ ਗਏ ਹਨ ਉਸ ਤੋਂ ਵਖਰਾ ਵਿਅਕਤੀ ਹੈ, ਇਸ ਵਿਸ਼ਵਾਸ ਲਈ ਕਾਰਨ ਇਹ ਦਿੱਤਾ ਜਾਂਦਾ ਹੈ ਕਿ ਦੋਹਾਂ ਦੇ ਇਸ਼ਟ ਅਲਗ ਅਲਗ ਹਨ, ਦੋਹਾਂ ਦੀ ਭਾਸ਼ਾ ਵਿਚ ਵੀ ਫ਼ਰਕ ਹੈ ਅਤੇ ਉਨ੍ਹਾਂ ਦਾ ਜੀਵਨ-ਚਰਿਤਰ ਵੀ ਇਕ ਦੂਜੇ ਤੋਂ ਵਖਰਾ ਹੈ ।

ਇਨ੍ਹਾਂ ਇਤਰਾਜ਼ਾਂ ਦਾ ਖੰਡਨ ਹੋ ਚੁੱਕਾ ਹੈ। 'ਆਦਿਗ੍ਰੰਥ' ਦੇ ਸ਼ਬਦਾਂ ਵਿਚ ਅਤੇ ਮਰਾਠੀ ਅਭੰਗਾਂ ਵਿਚ ਵੀ ਨਾਮਦੇਵ ਨੇ ਈਸ਼ਵਰ ਦੇ ਅਨੇਕ ਨਾਵਾਂ ਦਾ ਉਲੇਖ ਕੀਤਾ ਹੈ। ਰਾਮ, ਨਾਰਾਇਣ ਅਤੇ ਸ਼ਿਵ ਦੇ ਨਾਲ ਨਾਲ 'ਵਿੱਠਲ' ਦਾ ਨਾਮ ਦੋਹਾਂ ਥਾਵਾਂ ਉਪਰ ਲਿਆ ਗਿਆ ਹੈ, ਮਰਾਠੀ ਅਭੰਗ ਵਿਚ ਉਨ੍ਹਾਂ ਨੇ ਕਿਹਾ ਹੈ :

ਜਿੱਧਰ ਵੇਖੋ ਓਧਰ ਵਿਠੋਬਾ ਹੀ ਸਭ ਕੁਝ ਹੈ
ਬਾਹਰ, ਅੰਦਰ, ਸਰਬ ਥਾਂ, ਨਿਰੰਤਰ

ਆਦਿਗ੍ਰੰਥ ਵਿਚ ਉਨ੍ਹਾਂ ਦਾ ਕਥਨ ਹੈ :

ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰ ਨਹੀਂ।
ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ।

ਇਹ ਦੋਵੇਂ ਕਥਨ ਵਿਚ ਇਕ ਦੂਜੇ ਦਾ ਅਨੁਵਾਦ ਜਿਹਾ ਪ੍ਰਤੀਤ ਹੁੰਦੇ ਹਨ। ਨਾਮਦੇਵ ਦੇ ਮਰਾਠੀ ਅਭੰਗਾਂ ਵਿਚ ਅਤੇ ਆਦਿਗ੍ਰੰਥ ਦੇ ਸ਼ਬਦਾਂ ਦੀ ਭਾਸ਼ਾ ਵਿਚ ਅੰਤਰ ਹੈ। ਇਹ ਗ੍ਰੰਥ ਵੀ ਵਾਸਤਵਿਕਤਾ ਉਪਰ ਆਧਾਰਿਤ ਨਹੀਂ ਕਿਉਂਕਿ ਕਿ ਉਨ੍ਹਾਂ ਜੋ ਉਪਦੇਸ਼ਾਤਮਕ ਅਭੰਗ ਲਿਖੇ ਸਨ ਉਹੋ ਇਨਬਿਨ ਆਦਿਗ੍ਰੰਥ ਵਿਚ ਅਨੁਵਾਦਿਤ ਹੋ ਗਏ ਪ੍ਰਤੀਤ ਹੁੰਦੇ ਹਨ। ਉਦਾਹਰਣ ਵਜੋਂ :

ਪਤੰਗ ਦੂਰ ਦੂਰ ਤਕ ਅੰਬਰ ਵਿਚ ਉਡਦੀ ਹੈ
ਹਥ ਵਿਚ ਉਸਦੀ ਡੋਰੀ. ਪਰ ਵੇਖੋ ਧਿਆਨ ਕਿਥੇ ਹੈ
ਘੜੇ ਉਪਰ ਘੜਾ ਰਖ ਕੇ ਗੁਜਰੀ ਪਾਣੀ ਭਰ ਕੇ ਚੱਲੀ
ਦੋਵੇਂ ਹਥ ਖਾਲੀ, ਪਰ ਵੇਖੋ ਧਿਆਨ ਕਿਥੇ ਹੈ ?

ਉਪਰੋਕਤ ਅਭੰਗ ਪੰਗਤੀਆਂ ਦਾ ਹੇਠ ਲਿਖੀਆਂ ਸ਼ਬਦ-ਤੁਕਾਂ ਨਾਲ ਮੇਲ ਕਰਕੇ ਵੇਖੋ :

ਆਨੀਲੇ ਕਾਗਦੁ ਕਾਟੀਲੇ ਗੂੜੀ ਆਕਾਸ ਮਧੇ ਭਰਮੀਅਲੇ।
ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ।
... ... ... ... ...
ਆਨੀਲੇ ਕੁੰਭ ਭਰਾਈਲੇ ਊਦਕ ਰਾਜਕੁਆਰਿ ਪੁਰੰਦਰੀਏ।
ਹਸਤ ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਗਰਿ ਰਾਖੀਅਲੇ।

ਆਦਿ ਗ੍ਰੰਥ ਵਿਚ ਸੰਕਲਿਤ ਨਾਮਦੇਵ ਦ ਪਦਿਆਂ ਬਾਰੇ ਇਕ ਗਲ ਧਿਆਨ ਵਿਚ ਰਖਣੀ ਚਾਹੀਦੀ ਹੈ ਕਿ ਇਹ ਸਾਰੇ ਸ਼ਬਦ ਉਸ ਬੋਲੀ ਵਿਚ ਨਹੀਂ ਲਿਖੇ ਗਏ ਜਿਸ ਨੂੰ ਅਜ ਕਲ੍ਹ ਪੰਜਾਬੀ ਕਹਿੰਦੇ ਹਨ। ਆਦਿ ਗ੍ਰੰਥ ਵਿਚ ਸ਼ਾਮਲ ਇਨ੍ਹਾਂ ਸਾਰੇ ਪਦਿਆਂ ਦੀ ਬੋਲੀ ਸੁਧੱਕੜੀ ਜਾਂ ਸਾਧ-ਭਾਖਾ ਹੈ। ਇਹ ਇਕ ਸਾਂਝੀ ਸਰਬ ਪ੍ਰਦੇਸ਼ੀ ਭਾਰਤੀ ਭਾਸ਼ਾ ਹੈ। ਸਾਧ ਭਾਖਾ ਦੇ ਕਵੀ ਦੀ ਆਪਣੀ ਮਾਤ-ਬੋਲੀ ਦਾ ਪ੍ਰਭਾਵ ਉਸਦੀ ਰਚਨਾ ਉਪਰ ਪੈਂਦਾ ਹੈ। ਬਸ ਏਨੀ ਕੁ ਗਲ ਨੂੰ ਧਿਆਨ ਵਿਚ ਰਖਣਾ ਚਾਹੀਦਾ ਹੈ। ਭਾਵੇਂ ਬੰਗਾਲ ਦਾ ਜੈਦੇਵ ਹੋਵੇ ਭਾਵੇਂ ਉਤਰ ਪ੍ਰਦੇਸ਼ ਦਾ ਕਬੀਰ ਤੇ ਭਾਵੇਂ ਮਹਾਰਾਸ਼ਟਰ ਦਾ ਨਾਮਦੇਵ। ਉਹ ਆਪਣੀ ਰਚਨਾ ਇਸੇ ਸਰਬ-ਸਮਾਉਂਦੀ ਭਾਖਾ ਵਿਚ ਕਰਦਾ ਹੈ। ਏਸ ਭਾਖਾ ਵਿਚ ਅਨੇਕ ਪ੍ਰਦੇਸ਼ਾਂ ਦੀਆਂ ਬੋਲੀਆਂ ਵਾਂਗ ਹਿੰਦੀ ਵੀ ਸਮਾ ਜਾਂਦੀ ਹੈ, ਇਹ ਸਾਧ-ਭਾਖਾ ਸਮੁਚੇ ਭਾਰਤ ਦੀ ਅਧਿਆਤਮਕ ਅਤੇ ਸੰਸਕਿਰਤਕ ਭਾਸ਼ਾ ਹੈ ਤੇ ਭਾਰਤ ਨੂੰ ਇਕ ਲੜੀ ਵਿਚ ਪਰੋਣ ਦਾ ਕੰਮ ਦੇਂਦੀ ਹੈ। ਨਾਮਦੇਵ ਦੀ ਇਸ ਸਾਧ ਭਾਖਾ ਦੇ ਪਦਾਂ ਵਿਚ ਮਰਾਠੀ ਅਤੇ ਅਜੋਕੀ ਪੰਜਾਬੀ ਦਾ ਮਧੁਰ ਮੇਲ ਲਭਦਾ ਹੈ। ਉਹਨਾਂ ਦੇ ਮਰਾਠੀ ਪਦਾਂ ਵਿਚ ਜਿਸ ਪ੍ਰਕਾਰ ਦਾ ਗੀਤ ਗੁਣ ਦਿਖਾਈ ਦੇਂਦਾ ਹੈ ਉਸੇ ਪ੍ਰਕਾਰ ਦਾ ਹੀ ਗੀਤ ਗੁਣ ਆਦਿ ਗ੍ਰੰਥ ਦੇ ਪਦਾਂ ਵਿਚ ਵੀ ਮਿਲਦਾ ਹੈ। ਏਨਾਂ ਹੀ ਨਹੀਂ, ਇਹ ਪਦੇ ਵਖੋ ਵਖਰੀ ਰਾਗਦਾਰੀ ਵਿਚ ਰਚੇ ਗਏ ਹਨ।

ਨਾਮਦੇਵ ਆਪਣੇ ਗੁਰੂ ਵਿਸੋਬਾ ਖੇਚਰ ਨਾਲ ਜੋ ਮੁਲਾਕਾਤ ਹੋਈ ਉਸ ਦਾ ਵਰਨਣ ਉਪਰ ਕੀਤਾ ਜਾ ਚੁਕਾ ਹੈ। ਆਦਿ-ਗ੍ਰੰਥ ਦੇ ਇਕ ਪਦ ਵਿਚ ਨਾਂਮਦੇਵ ਨੇ ਖੇਚਰ ਤੋਂ ਪ੍ਰਾਪਤ ਗੁਰਪ੍ਰਸ਼ਾਦਿ ਦਾ ਵਰਨਣ ਕੀਤਾ ਹੈ :—

ਖੇਚਰ ਭੂਚਰ ਤੁਲਸੀਮਾਲਾ ਗੁਰ ਪਰਸਾਦੀ ਪਾਇਆ।

ਵਿਠੋਬਾ ਖੇਚਰ ਨੇ ਈਸ਼ਵਰ ਦੇ ਸਿਰ ਉਪਰ ਪੈਰ ਰਖੇ ਸਨ, ਏਹੋ ਕਹਾਣੀ ਰਤਾ ਕੁ ਫੇਰ ਨਾਲ ਗੁਰੂ ਨਾਨਕ ਦੇ ਨਾਮ ਨਾਲ ਵੀ ਪ੍ਰਸਿੱਧ ਹੈ। ਗੁਰੂ ਨਾਨਕ ਮੱਕਾ ਗਏ ਸਨ ਤੇ ਪੈਰ ਮਹਿਰਾਬ ਵਲ ਪਸਾਰ ਕੇ ਸੌਂ ਗਏ ਸਨ। ਉਥੇ ਉਹਨਾਂ ਦਾ ਮੁੱਲਾਂ ਨਾਲ ਸੰਬਾਦ ਹੋਇਆ। ਗੁਰੂ ਨਾਨਕ ਨੇ ਉਸ ਨੂੰ ਕਿਹਾ ਸੀ ਕਿ ਜਿੱਧਰ ਖੁਦਾ ਨਹੀਂ ਮੇਰੇ ਪੈਰ ਉਸੇ ਪਾਸੇ ਕਰ ਦੇਹ। ਇਹ ਕਥਾ ਪੰਜਾਬ ਵਿਚ ਪ੍ਰਚਲਿਤ ਹੈ।

## ਨਾਮਦੇਵ ਦੀ ਸਮਾਧੀ

ਨਾਮਦੇਵ ਪੰਜਾਬ ਵਿਚ ਜਾ ਵੱਸੇ। ਇਸ ਦਾ ਵਰਣਨ ਮਰਾਠੀ ਸੰਤਾਂ ਨੇ ਨਹੀਂ ਕੀਤਾ। ਇਸ ਦੇ ਕਈ ਕਾਰਣ ਹਨ। ਇਕ ਤਾਂ ਹੋ ਸਕਦਾ ਹੈ ਕਿ ਉਸ ਵੇਲੇ ਦੇ

ਮਹਾਰਾਸ਼ਟਰ ਨੂੰ ਬਹੁਤ ਸਾਰੀ ਜਾਣਕਾਰੀ ਹੀ ਪ੍ਰਾਪਤ ਨਾ ਹੋਵੇ। ਨਾਮਦੇਵ ਨੇ ਭਗਤੀ ਮਾਰਗ ਦਾ ਅਤੇ ਨਾਮ ਮਹਾਤਮ ਦਾ ਪ੍ਰਚਾਰ ਉਤਰ ਵਲ ਕੀਤਾ ਸੀ। ਉਹ ਇਕ ਥਾਂ ਟਿਕ ਕੇ ਨਾ ਬੈਠੇ। ਉਹਨਾਂ ਦਾ ਅੰਤਰਮਨ ਪੰਢਰਪੁਰ ਦੇ ਆਸ ਪਾਸ ਹੀ ਕਿਤੇ ਮੰਡਲਾਉਂਦਾ ਹੋਵੇਗਾ। ਵਿੱਠਲ ਨੂੰ ਮਿਲਣ ਦਾ ਰੀਝ ਉਹਨਾਂ ਨੂੰ ਹਮੇਸ਼ਾ ਲੱਗੀ ਰਹੀ :—

ਮਿਲਣ ਦੀ ਇੱਛਾ ਨਾਲ ਬਿਹਬਲ ਚਿਤ
ਟਿਕ ਕੇ ਨਾ ਰਹਿ ਸਕਿਆ ਕਿਸੇ ਇਕ ਥਾਂ ਉਪਰ
ਜਿਸ ਕਿਸ ਨੂੰ ਬਸ ਇਹੋ ਪੁਛਦਾ ਸੀ
ਪੰਢਰੀ ਨਾਥ ਮੈਨੂੰ ਬੁਲਾ ਕਿਉਂ ਨਹੀਂ ਲੈਂਦੇ
ਮਿੱਤਰ ਵਾਰਕਰੀ ਪੰਢਰੀ ਨੂੰ ਜਾਂਦੇ ਨੇ
ਨਾਮਦੇਵ ਹੁਣ ਥਕ ਗਿਆ ਹੈ
ਜਾਨ ਉਹਦੀ ਸੰਘ ਵਿਚ ਅੜੀ ਹੈ
ਉਹ ਧਿਆਨ ਧਰਦਾ ਹੈ ਰਾਤ ਦਿਨ ॥੧੨੫੯॥

ਨਾਮਦੇਵ ਨੇ ਅੰਤ ਸਮੇਂ ਵਿਚ ਪੰਢਰਪੁਰ ਜਾਣ ਦੀ ਇਛਿਆ ਪ੍ਰਗਟਾਈ। ਉਸ ਦੇ ਬਿਰਹੋਂ ਨੂੰ ਵੇਖ ਕੇ ਉਸ ਦੀ ਸਿਖ-ਮੰਡਲੀ ਵਿਆਕੁਲ ਹੋ ਉੱਠੀ। ਅੰਤ ਵਿਚ ਨਾਮ ਦੇਵ ਪੰਢਰਪੁਰ ਗਏ। ਉਥੇ ਉਹਨਾਂ ਨੇ ਸਮਾਧੀ ਲੈ ਲਈ ਤੇ ਈਸਵੀ ੧੩੫੦ ਵਿਚ ਪੰਢਰਪੁਰ ਦੇ ਮੰਦਰ ਦੇ ਸਾਹਮਣੇ ਆਪਣੇ ਪ੍ਰਾਣ ਤਿਆਗ ਦਿਤੇ।

ਪਰਮਣੀ ਜ਼ਿਲੇ ਦੇ ਨਰਸੀ ਵਿਚ ਕਿਆਬੂ ਜਾਂ ਕਿਆਡ ਨਦੀ ਦੇ ਕੰਢੇ ਨਾਮ-ਦੇਵ ਦੇ ਨਾਮ ਨਾਲ ਸੰਬੰਧਿਤ ਇਕ ਸਮਾਧੀ ਹੈ ਪਰ ਉਹ ਸੰਤ ਨਾਮਦੇਵ ਦੀ ਨਹੀਂ ਹੈ। ਧੋਮਾਨ ਵਿਚ ਵੀ ਨਾਮਦੇਵ ਦੀ ਇਕ ਸਮਾਧੀ ਦੱਸੀ ਜਾਂਦੀ ਹੈ। ਧੋਮਾਨ ਵਿਚ ਨਾਮਦੇਵ ਦਾ ਇਕ ਚਿੱਤ੍ਰ ਵੀ ਹੈ ਜੋ ਪਿੱਤਲ ਦੇ ਵੱਡੇ ਸਾਰੇ ਪਤਰੇ ਉਪਰ ਅੰਕਿਤ ਹੈ। ਉਥੋਂ ਦੇ ਮੰਦਰ ਦੇ ਅੰਦਰਲੇ ਕਮਰੇ ਵਿਚ ਉਹ ਚਾਦਰ ਤਾਣ ਕੇ ਸੌਂ ਗਏ। ਸੌਣ ਤੋਂ ਪਹਿਲਾਂ ਉਹਨਾਂ ਆਦੇਸ਼ ਦਿਤਾ ਕਿ ਤਿੰਨ ਦਿਨ ਅੰਦਰ ਕੋਈ ਨਾ ਆਵੇ। ਤਿੰਨ ਦਿਨਾਂ ਤੋਂ ਬਾਦ ਸਿਖ ਅੰਦਰ ਗਏ ਤਾਂ ਵੇਖਿਆ ਕਿ ਉਹ ਜੋਤੀ ਜੋਤਿ ਸਮਾ ਚੁਕੇ ਸਨ। ਇਸ ਤਰ੍ਹਾਂ ਉਹਨਾਂ ਨੇ ਆਪਣੀ ਸਥੂਲ ਦੇਹਿ ਧੋਮਾਨ ਵਿਚ ਰਖੀ ਅਤੇ ਸੂਖਮ ਦੇਹਿ ਉਹ ਪੰਢਰ ਪੁਰ ਲੈ ਗਏ। ਇਸ ਤਰ੍ਹਾਂ ਦੀ ਅਦਭੁਤ ਕਹਾਣੀ ਜਨਮ ਸਾਖੀ ਵਿਚ ਦਿਤੀ ਗਈ ਹੈ ਅਤੇ ਸਾਰੇ ਤੱਥਾਂ ਉਪਰ ਵਿਚਾਰ ਕਰਨ ਤੋਂ ਬਾਦ ਇਹੋ ਸਿਟਾ ਨਿਕਲਦਾ ਹੈ ਕਿ ਉਹਨਾਂ ਦੀ ਦੇਹਿ ਸਮਾਧੀ ਪੰਢਰਪੁਰ ਵਿਚ ਹੀ ਹੈ ਅਤੇ ਧੋਮਾਨ ਵਿਚ ਉਹਨਾਂ ਦੀ ਬਸਤਰ ਸਮਾਧੀ ਜਾਂ ਚੋਲਾ ਸਮਾਧੀ ਜਾਂ ਕੋਈ ਹੋਰ ਯਾਦਗਾਰ ਹੈ। ਖੋਜੀਆਂ ਦਾ ਇਹ ਕਥਣ ਯੁਕਤੀ ਸੰਗਤ ਪ੍ਰਤੀਤ ਹੁੰਦਾ ਹੈ।

## ਰਚਨਾ ਅਤੇ ਦਰਸ਼ਨ

ਗਿਆਨ ਦੇਵ ਨੇ ਰਖੀ ਨੀਂਹ
ਅਤੇ ਰਚਿਆ ਇਕ ਮੰਦਰ
ਨਾਮਾ ਉਸ ਦਾ ਕਿੰਕਰ
ਉਸ ਨੇ ਕੀਤਾ ਏਸ ਮੰਦਰ ਦਾ ਵਿਸਤਾਰ
—ਸੰਤ ਬਹਿਣਾ ਬਾਈ

ਅਨੇਕ ਸੰਤਾਂ ਦੀ ਮਹਾਨ ਕਿਰਪਾ ਸਦਕਾ ਮਹਾਂਰਾਸ਼ਟ੍ਰ ਵਿਚ ਭਾਗਵਤ ਧਰਮ ਦੀ ਅਰਥਾਤ ਵਾਰਕਾਰੀ ਪੰਥ ਦੀ ਨੀਂਹ ਰਖੀ ਗਈ। ਉਸ ਦੀ ਨੀਂਹ ਰਖ ਕੇ ਧਰਮ ਮੰਦਰ ਦੀ ਸਥਾਪਨਾ ਦਾ ਸਿਹਰਾ ਸੰਤ ਗਿਆਨ ਦੇਵ ਦੇ ਹੀ ਸਿਰ ਹੈ। ਉਸ ਤਰ੍ਹਾਂ ਉਹਨਾਂ ਦੇ ਕਿੰਕਰ ਨਾਮਦੇਵ ਨੇ ਏਸ ਧਰਮ ਮੰਦਰ ਦਾ ਵਿਸਤਾਰ ਕੀਤਾ। ਏਸ ਗਲ ਦਾ ਸਿਹਰਾ ਨਾਮ ਦੇਵ ਦੇ ਸਿਰ ਹੈ। ਕਿੰਕਰ ਦਾ ਅਰਥ ਹੈ, 'ਮੈਂ ਕੀ ਕਰਾਂ ?' ਜੋ ਵਿਅਕਤੀ ਬਾਰ ਬਾਰ ਪੁਛਦਾ ਰਹੇ ਅਤੇ ਕੰਮ ਵਿਚ ਰੁੱਝਾ ਰਹੇ ਉਸਨੂੰ ਕਹਿੰਦੇ ਹਨ, ਕਿੰਕਰ। ਨਾਮਦੇਵ ਭਾਗੰਵਤ ਧਰਮ ਰੂਪੀ ਮੰਦਰ ਵਿਚ ਲੰਮੀ ਉਮਰ ਤਕ ਲਗਾਤਾਰ ਸੇਵਾ ਕਰਨ ਵਾਲਾ ਭਗਤ ਸੀ। ਏਸੇ ਕਰਕੇ ਉਹ ਭਾਗਵਤ ਧਰਮ ਦਾ ਏਨਾ ਵਿਸਤਾਰ ਕਰ ਸਕਿਆ।

ਕਿਸੇ ਵੀ ਸੰਸਥਾ ਦੀ ਸਥਾਪਨਾ ਦੇ ਵੇਲੇ ਉਸਦੀ ਨੀਂਹ ਕਈ ਲੋਕਾਂ ਦੀ ਮਦਦ ਨਾਲ ਰੱਖੀ ਜਾਂਦੀ ਹੈ। ਪਰ ਵੇਲਾ ਪਾ ਕੇ ਸੰਸਥਾ ਦਾ ਸਰੂਪ ਵਿਆਪਕ ਹੋ ਜਾਂਦਾ ਹੈ। ਉਸਦਾ ਮੂਲ ਸੰਸਥਾਪਕ ਕੌਣ ਸੀ। ਏਸ ਗਲ ਬਾਰੇ ਸਰਬ ਸਾਧਾਰਨ ਲੋਕਾਂ ਵਿਚ ਮਤ-ਭੇਦ ਪੈਦਾ ਹੋ ਜਾਂਦਾ ਹੈ। ਮਹਾਂਰਾਸ਼ਟਰ ਵਿਚ ਭਾਗਵਤ ਧਰਮ ਜਾਂ ਵਾਰਕਰੀ ਸੰਪਰਦਾਇ ਦੀ ਸਥਾਪਨਾ ਦਾ ਸਿਹਰਾ ਕਿਸ ਦੇ ਸਿਰ ਬੱਝੇ, ਇਸ ਬਾਰੇ ਥੋੜ੍ਹਾ ਕੁ ਮਤ-ਭੇਦ ਹੈ। ਇਸ ਧਰਮ-ਮੰਦਰ ਦਾ ਕਲਸ ਸੰਤ ਤੁਕਾਰਾਮ ਨੂੰ ਮੰਨਿਆ ਗਿਆ ਹੈ। ਉਸ ਦੀ ਸਿਖ ਬਹਿਣਾ-ਬਾਈ ਨੇ ਉਪਰੋਕਤ ਅਭੰਗ ਵਿਚ ਇਸ ਤਥ ਦਾ ਨਿਬੇੜਾ ਰੂਪਾਤਮਕ ਢੰਗ ਨਾਲ ਕੀਤਾ ਹੈ। ਉਹਨਾਂ ਦੇ ਕਥਨ ਨੂੰ ਅਜ ਵੀ ਪ੍ਰਮਾਣਿਕ ਮੰਨਣਾ ਚਾਹੀਦਾ ਹੈ। ਅਜ ਤਕ ਕੋਈ ਨਵਾਂ ਸਬੂਤ ਨਹੀਂ ਲੱਭਾ ਤਾਂ ਜੁ ਅਸੀਂ ਉਨ੍ਹਾਂ ਦੇ ਮਤ

ਵਿਚ ਕੋਈ ਤਬਦੀਲੀ ਕਰ ਸਕੀਏ।

## ਦਾਰਸ਼ਨਿਕ ਵਿਚਾਰ

ਗਿਆਨੇਸ਼ਵਰ ਨੇ ਭਾਗਵਤ ਧਰਮ ਦੀ ਨੀਂਹ ਰਖੀ। ਇਸ ਕਥਨ ਨੂੰ ਏਸ ਅਰਥ ਵਿਚ ਨਹੀਂ ਮੰਨਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਇਸ ਧਰਮ ਦਾ ਮੂਲ ਤੱਤ 'ਗਿਆਨੇ-ਸ਼ਵਰੀ ਵਿਚ ਪੂਰੀ ਤਰ੍ਹਾਂ ਸਪਸ਼ਟ ਕਰ ਦਿੱਤਾ। ਅਸਲ ਵਿਚ ਭਾਗਵਤ ਧਰਮ ਦਾ ਮੂਲ ਗਿਆਨੇਸ਼ਵਰ ਤੋਂ ਵੀ ਪਹਿਲਾਂ ਭਾਰਤੀ ਦਰਸ਼ਨ ਵਿਚ ਮਿਲਦਾ ਹੈ। ਗਿਆਨ ਦੇਵ ਨੇ ਇੱਕੋ ਹੀ ਓਂਵੀ (ਛੰਦ) ਵਿਚ ਕਹਿ ਦਿੱਤਾ—

ਜੋ ਜੋ ਵੀ ਪ੍ਰਾਣੀ ਜਾਤੀ ਹੈ
ਉਨ੍ਹਾਂ ਨੂੰ ਭਗਵਾਨ ਮੰਨੋ
ਇਹ ਹੈ ਨਿਸਚਿਤ ਭਗਤੀ-ਜੋਗ
ਜਾਨ ਲਵੋ ਮੇਰਾ

ਹਰ ਪ੍ਰਾਣੀ ਵਿਚ ਭਗਵਾਨ ਮੰਨਣਾ ਭਾਗਵਤ ਧਰਮ ਦਾ ਸਾਰ ਹੈ। ਨਾਮ ਦੇਵ ਦੇ ਦਾਰਸ਼ਨਿਕ ਵਿਚਾਰਾਂ ਦੀ ਰੂਪਰੇਖਾ ਤਿਆਰ ਕਰਦਿਆਂ ਪਤਾ ਲਗਦਾ ਹੈ ਕਿ ਉਨ੍ਹਾਂ ਨੂੰ ਭਾਗਵਤ ਧਰਮ ਦਾ ਜੋ ਰਹੱਸ ਪ੍ਰਾਪਤ ਹੋਇਆ ਉਸਨੂੰ ਹੇਠ ਲਿਖੇ ਪਦਾਂ ਵਿਚ ਦਿੱਤਾ ਜਾ ਸਕਦਾ ਹੈ :

ਸਾਰੇ ਜਗਤ ਦੇ ਮੂਲ ਵਿਚ ਇਕ ਹੀ ਤਤ ਬ੍ਰਹਮ ਹੈ ਅਤੇ ਉਹ ਇਕ ਹੀ ਹੈ
ਇਕ ਹੀ ਤੱਤ ਏਕਾਕਾਰ ਹੈ ਦੇਸ ਵਿਚ
ਇਕ ਉਹੋ ਵਿਖਾਈ ਦੇਂਦਾ ਹੈ ਸਾਰਿਆਂ ਵਿਚ
ਐਸਾ ਬ੍ਰਹਮ ਵੇਖੋ ਹੈ ਜੋ ਸਭ ਵਿਚ ਇਕ
ਇਸ ਤੋਂ ਵਖਰਾ ਕੋਈ ਵਿਵੇਕ ਨਹੀਂ
ਮਿਥਿਆ ਹੈ ਗੁੱਲਰ ਮਾਇਆ
ਹਰੀ ਇਹੋ ਸੁਆਰਥ ਤੋਂ ਅਲਗ ਅਲਗ
ਨਾਮਾ ਕਹਿੰਦਾ ਹੈ ਸਮੰਰਥ ਬਾਣੀ ਵੇਦ ਵਿਚ ਹੈ
ਭੇਦ-ਅਭੇਦ ਨਹੀਂ ਹੈ ਬ੍ਰਹਮ-ਮਨ ਵਿਚ ॥ ੧੬੦੭ ॥

ਸਭ ਦੇ ਅੰਤਰਜਾਮ ਵਿਚ ਵਿਆਪਤ ਬ੍ਰਹਮ ਹੀ ਸੰਤ ਹੈ ਅਤੇ ਉਪਰੋਂ ਉਪਰੋਂ ਦਿਲਾਸਾ ਦੇਣ ਵਾਲਾ ਪਸਾਰਾ ਮਿਥਿਆ ਹੈ। ਇਹੋ ਸਾਰੇ ਵੇਦਾਂ ਦਾ ਮੂਲ ਤਤ ਹੈ ਅਤੇ

ਉਸ ਤੱਤ ਦੀ ਵੇਦਾਂ ਨੂੰ ਵੀ ਪੂਰੀ ਪੂਰੀ ਪ੍ਰਾਪਤੀ ਨਹੀਂ ਹੋਈ :

ਵੇਦਾਂ ਦੀ ਬਾਣੀ ਬੋਲਦੇ ਬੋਲਦੇ ਬੌਰੀ ਹੋ ਗਈ
ਦੇਵ ਨੂੰ ਵੇਖਣ ਜਾਈਏ, ਉਹ ਤਾਂ ਬਾਣੀ ਤੋਂ ਪਰ੍ਹੇ ਹੈ
ਅਨਿਰਵਾਚ ਨੂੰ ਬੋਲਣ ਲਈ ਗਈ ਬਾਣੀ
ਜੀਭ ਭਰਮਾ ਗਈ ਧਰਤੀਧਰ (ਸੇਸ਼ ਨਾਗ) ਦੀ
ਧਰਤੀਧਰ ਦੀ ਜੀਭ ਹੋ ਗਈ ਖੁੰਢੀ
ਨਾਮਾ ਕਹਿੰਦਾ ਹੈ ਕਿ ਉਸਦਾ ਅੰਤ ਨਹੀਂ ਹੈ ॥ ੩੮੩ ॥

ਜਿਸਦੀ ਪ੍ਰਾਪਤੀ ਵੇਦਾਂ ਨੂੰ ਵੀ ਨਾ ਹੋਈ, ਹਜ਼ਾਰ ਜੀਭਾਂ ਵਾਲਾ ਸ਼ੇਸ਼ਨਾਗ ਵੀ ਜਿਸਦਾ ਵਰਣਨ ਕਰਨ ਵਿਚ ਸਮਰਥ ਨਹੀਂ। ਉਸ ਬ੍ਰਹਮ ਨੂੰ ਜਾਨਣ-ਬੁੱਝਣ ਦਾ ਉਪਾ ਕਿਹੜਾ ਹੈ ?

ਗਿਆਨ ਸਤਿ ਮੁਕਤ ਸ਼ੁਧ ਬੁਧ ਯੁਕਤ
ਕਾਰਣ ਸਹਿਤ ਨਿਰੰਜਨ
ਉਸ ਅਖੀਂ ਵੇਖਿਆ ਚੰਮ ਅਖਾਂ ਨਾਲ਼
ਓਹ ਖਲੋਤਾ ਹੈ ਪੰਢਰੀ ਦੀ ਰੇਤੀ ਵਿਚ
ਵੇਦਾਂ ਨੂੰ ਜੋ ਅਗੋਚਰ, ਸਹਿਜ-ਸੁਖ ਨੂੰ ਵੀ ਜੋ ਅਗੋਚਰ
ਉਹ ਹੋਇਆ ਪੁੰਡਲਿਕ ਦੇ ਵਸ ਪ੍ਰੇਮ ਨਾਲ
ਸ਼ਰੁਤੀਆਂ ਵਾਪਸ ਮੁੜ ਗਈਆਂ ਨੇਤਿ ਨੇਤਿ ਕਹਿ ਕੇ
ਉਹ ਸਾਨੂੰ ਗਾਉਂਦੇ ਗਾਉਂਦੇ ਗੀਤ ਵਿਚ ਮਿਲ ਗਿਆ
ਸਰੂਪ ਦਾ ਨਿਬੇੜਾ ਕਰਦੇ ਹਨ ਪੁਰਾਣ
ਉਹ ਵੀ ਥਕ ਗਏ ਤੇ ਆਪੋ ਵਿਚ ਵਿਵਾਦ ਕਰਨ ਲਗ ਪਏ
ਨਾਮਾ ਕਹਿੰਦਾ ਹੈ ਇਸਨੂੰ ਤਾਂ ਦੌੜਨਾ ਹੀ ਕਾਰਨ ਹੈ
ਵਿਠੋਬਾ ਦੇ ਚਰਣ ਪ੍ਰਾਪਤ ਕਰਨ ਲਈ

ਜੋ ਵੇਦ ਅਤੇ ਗਿਆਨ ਦੀਆਂ ਅੱਖਾਂ ਲਈ ਅਗੋਚਰ ਸੀ, ਜੋ ਪੁਰਾਣਾ ਦੀ ਸਮਝ ਵਿਚ ਨਹੀਂ ਆਉਂਦੀ ਸੀ, ਦਰਸ਼ਨਾਂ ਵਿਚ ਵੀ ਵਿਖਾਈ ਨਾ ਦਿੱਤਾ, ਉਹ ਪੁੰਡਲੀਕ ਦੇ ਪ੍ਰੇਮ ਦੇ ਕਾਰਣ ਪੰਢਰੀ ਦੀ ਰੇਤ ਵਿਚ ਖਲੋਤਾ ਰਿਹਾ ਅਤੇ ਸਾਡੀਆਂ ਚੰਮ ਅੱਖਾਂ ਨੇ ਉਸਨੂੰ ਵੇਖ ਲਿਆ। ਅਸੀਂ ਉਸਦੇ ਗੁਣਗਾਨ ਕਰਨ ਲਗੇ ਤਾਂ ਉਹ ਸਾਨੂੰ ਆਪਣੇ ਗੀਤਾਂ ਵਿਚ ਲਭ ਪਿਆ। ਨਾਮ ਦੇਵ ਦੇ ਮਤ ਅਨੁਸਾਰ ਕੇਸ਼ਵ ਦੇ ਚਰਣ ਪ੍ਰਾਪਤ ਕਰਨ ਦਾ ਉਪਾ ਦੌੜਨਾ (ਆਰਤੀ) ਹੀ ਹੈ।

## ਸੰਸਾਰ ਵਿਚ ਰਹੀਏ, ਰਹਿ ਕੇ ਨਾ ਰਹਿਏ

ਜਿਵੇਂ ਬ੍ਰਹਮ ਸਤਿ ਹੈ, ਉਵੇਂ ਹੀ ਸੰਸਾਰ ਮਿਥਿਆ ਹੈ।'ਮਿਥਿਆ ਮਾਇਆਜਾਲ, ਮਿਰਗਜਲ ਰੁਕਾਵਟ ਹੈ। ਸੰਸਾਰ ਦਾ ਧੰਦਾ ਚਲ ਰਿਹਾ।' ਨਾਮਦੇਵ ਨੇ ਸੰਸਾਰ ਦੀ ਛਿਣ ਭੰਗਰਤਾ ਨੂੰ ਇਸ ਪ੍ਰਕਾਹ ਸਿੱਹ ਕੀਤਾ ਹੈ:

ਜਲ ਵਿਚ ਬੁਲਬੁਲੇ ਵੇਖਦੇ ਰਹੋ
ਇਕ ਛਿਣ ਵਿਚ ਹੀ ਉਹ ਵਿਖਾਈ ਨਹੀਂ ਦੇਂਦੇ
ਇਸੇ ਤਰ੍ਹਾਂ ਇਸ ਸੰਸਾਰ ਨੂੰ ਵੇਖਦੇ ਰਹੋ
ਅੰਤ ਵਿਚ ਹੱਥੀਂ ਕੁਝ ਵੀ ਨਹੀਂ ਆਉਂਦਾ,
ਜਿਵੇਂ ਜਾਦੂਗਰ ਦੀ ਖੇਡ ਹੋਵੇ ਛਿਣ ਭਰ ਲਈ
ਇਵੇਂ ਹੀ ਸੰਸਾਰ ਵਿਖਾਈ ਦੇਂਦਾ ਹੈ
ਨਾਮਾ ਕਹਿੰਦਾ ਹੈ ਏਥੇ ਕੁਝ ਵੀ ਸਚ ਨਹੀਂ ਹੈ
ਛਿਣ ਮਾਤਰ ਲਈ ਹੀ ਇਹ ਸਭ ਖਰਾ ਹੈ ॥ ੧੬੮੦ ॥
ਸੰਸਾਰ ਜਿਵੇਂ ਛਿਣ ਭੰਗਰ ਹੈ
ਏਦਾਂ ਹੀ ਇਕ ਟੁੱਟੇ ਹੋਏ ਘੜੇ ਵਰਗਾ ਸਾਜ ਹੈ
ਟੁੱਟੇ ਹੋਏ ਘੜੇ ਨੇ ਹੋਰ ਕੀ ਟੁਟਣਾ ਹੈ
ਸੰਸਾਰ ਨੂੰ ਵੀ ਬਸ ਇਜੇ ਨਿਆਈਂ ਜਾਣੋਂ
ਸੁਪਨੇ ਦੀ ਗਲ ਜਾਗਣ ਵੇਲੇ ਕਹੀਏ
ਏਸੇ ਤਰ੍ਹਾਂ ਹੀ ਭਵਰੋਗ ਪਰਾਲਬਧ ਦਾ ਹੈ
ਨਾਮਾ ਕਹਿੰਦਾ ਹੈ ਕਿ ਸੰਸਾਰ ਇਵੇਂ ਜਾਣੋ
ਫਜ਼ੂਲ ਪਸਾਰਾ ਹੈ ਫੈਲਿਆ ਹੋਇਆ ॥ ੧੬੮੫ ॥

ਫੇਰ ਇਸ ਸੰਸਾਰ ਵਿਚ ਮਨੁਖ ਦਾ ਕਰਤਵ ਕੀ ਹੈ। ਚੋਰਾਸੀ ਲਖ ਜੂਨਾਂ ਵਿਚ ਜਨਮ ਲੈਣ ਦੇ ਬਾਦ ਅੰਤ ਵਿਚ ਇਕ ਵਾਰ ਪ੍ਰਾਪਤ ਹੋਣ ਵਾਲੇ ਇਸ ਮਨੁਖ ਜਨਮ ਵਿਚ ਆਤਮ ਤੱਤ ਦੀ ਪਹਿਚਾਨ ਨਾ ਹੋਈ ਤਾਂ ਜੀਵ ਫੇਰ ਮੁਢੋਂ ਸੁਢੋਂ ਚੌਰਾਸੀ ਦੇ ਗੇੜ ਵਿਚ ਪੈ ਜਾਵੇਗਾ।

ਆਖਰ ਵਾਰ ਹੈ ਮਨੁਖਾ ਜਨਮ
ਭੇਦ ਮੁਕਦਿਆਂ ਹੀ ਮੁਸ਼ਕਲ ਵਿਚ ਪੈਂਦਾ ਹੈ
ਇਕ ਜਨਮ ਪਛਾਣ ਕੇ ਕਰੋ ਆਤਮਰਾਮ
ਸੰਸਾਰ ਵਿਚ ਸੋਖੇ ਸੁਖ ਨਾ ਭੋਗੋ

ਸੰਸਾਰ ਵਿਚ ਵਿਚਰੋ, ਪਰ ਵਿਚਰ ਕੇ ਵੀ ਨਾ ਵਿਚਰੋ
ਸਮੇਂ ਸਮੇਂ ਕੀਰਤਨ ਕਰੋ
ਨਾਮਾ ਕਹਿੰਦਾ ਹੈ ਭਗਤ ਦੇ ਦੁਆਰੇ ਤੇ ਵਿੱਠਲ ਖਲੋਤਾ ਹੈ
ਉਹਦੇ ਹਥ ਵਿਚ ਹੈ ਸੁਦਰਸ਼ਨ ਚੱਕਰ ।।੧੭੦੦ ।।

ਸੰਸਾਰ ਦਾ ਭੋਗ ਸੇਖ ਨਾਲ ਅਰਥਾਤ 'ਗਾਫ਼ਿਲਗੀਰੀ' ਨਾਲ ਜਾਂ ਮੋਹ ਨਾਲ ਨਹੀਂ ਕਰਨਾ ਚਾਹੀਦਾ । ਸੰਸਾਰ ਵਿਚ ਵਿਚਰਨਾ ਜ਼ਰੂਰ ਚਾਹੀਦਾ ਹੈ ਪਰ ਉਦਾਸੀਨ ਭਾਵ ਨਾਲ, ਮੋਹ-ਭਾਵ ਨਾਲ ਨਹੀਂ । ਸਮੇਂ ਸਮੇਂ ਈਸ਼ਵਰ-ਭਗਤੀ ਕਰਨੀ ਚਾਹੀਦੀ ਹੈ, ਕਿਉਂ ਜੋ ਭਗਤ ਦੀ ਰਖਿਆ ਲਈ ਉਸਦੇ ਦਰਵਾਜੇ ਤੇ ਆਪ ਵਿੱਠਲ ਸੁਦਰਸ਼ਨ ਚੱਕਰ ਲਈ ਖਲੋਤਾ ਹੈ।

ਇਹ ਪਰਪੰਚ ਫੈਲਾਇਆ ਹੈ ਪਰ ਝੂਠਾ ਹੈ
ਉਸਨੇ ਤੈਨੂੰ ਪੂਹੀ ਤਰ੍ਹਾਂ ਕਜਿਆ ਹੈ
ਉਸੇ ਢੰਗ ਨਾਲ ਮੈਨੂੰ ਸੇਵਾ ਤੇ ਲਾ ਕੇ
ਹੇ ਦੇਵ, ਤੁਸੀਂ ਮੈਨੂੰ ਸਵਾਮੀ-ਧਰੋਹੀ ਕਿਵੇਂ ਬਣਾਇਆ
ਮੇਰੂ-ਪਰਬਤ ਦੇ ਗਲੇ ਵਿਚ ਮਸ਼ਕ ਬੰਨ ਕੇ
ਹੇ ਅਨਾਥਾਂ ਦੇ ਨਾਥ! ਤੂੰ ਕੌਤਕ ਤਕ ਰਿਹਾ ਹੈ
ਨਾਮਾ ਕਹਿੰਦਾ ਹੈ ਹੇ ਦੇਵ ! ਤੁਹਾਡੀ ਮਾਇਆ ਮੈ ਸਮਝ ਗਿਆ
ਹੁਣ ਮੈਂ ਆਪਣਾ ਉਪਾ ਆਪਣੇ ਆਪ ਕਰਾਂਗਾ ।।੧੧੫੦।।

ਝੂਠੇ ਪਰਪੰਚਾਂ ਵਿਚ ਡੁੱਬਣ ਨਾਲ ਮਨੁੱਖ ਈਸ਼ਵਰ-ਧਰੋਹੀ ਬਣਦਾ ਹੈ । ਤਾਂ ਫ਼ਿਰ ਪਰਮਾਤਮਾ ਦੀ ਮਾਇਆ ਸੰਬੰਧੀ ਨਾਮ ਦੇਵ ਨੇ ਕਿਹੜਾ ਉੱਪਾ ਸੁਝਾਇਆ ਹੈ ?

## ਸਾਨੂੰ ਮਿਲ ਗਿਆ ਹੈ ਭੇਦ : ਅਸੀਂ ਪਾਲੀਏ ਭਾਗਵਤ ਧਰਮ

ਸੰਸਾਰ ਦੇ ਝੂਠੇਪਨ ਸੰਬੰਧੀ ਤੇ ਦੁਖ ਸੰਬੰਧੀ ਜਿਹੜਾ ਉਪਾ ਹੈ, ਉਹੀ ਸਾਡੇ ਜੀਵਨ ਦਾ ਅੰਤਮ ਫ਼ਰਜ਼ ਹੈ ਤੇ ਉਹੀ ਭਾਗਵਤ ਧਰਮ ਦਾ ਭੇਦ ਵੀ ਹੈ :

ਅਸੀਂ ਪਾ ਲਿਆ ਹੈ ਭੇਦ ।।
ਅਸੀਂ ਵਿਚਰੀਏ ਵਿਚ ਭਾਗਵਤ ਧਰਮ
ਅਵਤਾਰ ਉਹ ਮਿਲਿਆ
ਸਾਨੂੰ ਬੋਲਣਾ-ਚਾਲਣਾ ਭੁਲ ਗਿਆ

ਉਹ ਤਾਂ ਭਾਵ ਦਾ ਭੁਖਾ ਹੈ
ਤੇ ਛੱਡ ਕੇ ਆਇਆ ਹੈ ਬੈਕੁੰਠ
ਸੰਤ ਸੰਗਤ ਵਿਚ ਉਹਨੂੰ ਸਾਧੀਏ
ਪਕੜ ਕੇ ਹਿਰਦੇ ਵਿਚ ਬੰਨੀਏਂ
ਨਾਮਾ ਕਹਿੰਦਾ ਹੈ ਕਿਵੇਂ ਬੰਨ੍ਹੀਏਂ
ਸਾਡੇ ਗਲੇ ਵਿਚ ਉਸਦੇ ਚਰਨ ਹਨ

ਈਸ਼ਵਰ ਮਾਇਆ ਮਮਤਾ ਦਾ ਭੁੱਖਾ ਹੈ,ਇਸ ਵਾਸਤੇ ਉਹ ਭਗਤਾਂ ਦੇ ਪਿਆਰ ਲਈ ਸ੍ਵਰਗ ਛਡ ਕੇ ਧਰਤੀ ਤੇ ਆਇਆ ਹੈ । ਸੰਤਾਂ ਦੀ ਸੰਗਤ ਵਿਚ ਉਹਦੀ ਪ੍ਰਾਪਤ ਕੀਤੀ ਜਾਵੇ ਅਤੇ ਉਹਨੂੰ ਆਪਣੇ ਹਿਰਦੇ ਵਿਚ ਰਖਿਆ ਜਾਵੇ ਅਤੇ ਇਹ ਹੀ ਭਾਗਵਤ ਧਰਮ ਦਾ ਭੇਦ ਹੈ ।

ਨਾਮਦੇਵ ਨੇ ਜਿਸ ਨੂੰ ਭਾਗਵਤ ਧਰਮ ਕਿਹਾ ਹੈ ਉਹ ਹੀ ਮਹਾਰਾਸ਼ਟਰ ਦਾ ਮੰਨਿਆ ਪ੍ਰਮੰਨਿਆ ਵਾਰਕਰੀ ਪੰਥ ਹੈ । ਵਾਰਕਰੀ ਅਰਥਾਤ ਹਾੜ ਅਤੇ ਕਤਕ ਦੀ ਇਕਾਦਸ਼ੀ ਨੂੰ ਅਤੇ ਹੋਰ ਤਿਉਹਾਰਾਂ ਦੇ ਸਮੇਂ ਨਿਤ-ਨੇਮ ਨਾਲ ਪੰਢਰਪੁਰ ਦੀ ਯਾਤਰਾ ਜਾਂ 'ਵਾਰੀ' ਕਰਨ ਵਾਲਾ ਹੀ ਭਾਗਵਤ ਭਗਤ ਹੈ ।

"ਜਿਸ ਦੀ ਕੁਲ ਵਿਚ ਪੰਢਰੀ ਦੀ ਯਾਤਰਾ ਕੀਤੀ ਜਾਂਦੀ ਹੈ ਉਸ ਦੇ ਪੈਰਾਂ ਦੀ ਧੂੜ ਮੈਨੂੰ ਪ੍ਰਾਪਤ ਹੋਵੇ" ਅਤੇ "ਨਾਮਾ ਕਹਿੰਦਾ ਹੈ ਕਿ ਉਹ ਸੰਸਾਰੀ ਲੋਕ ਧੰਨ ਹਨ ਜਿਹੜੇ ਪੰਢਰੀ ਦੀ ਵਾਰੀ ਨਹੀਂ ਛਡਦੇ ।" ਅਜੇਹੀ ਯਾਤਰਾ ਸਦਾ ਕਰਨ ਵਾਲਿਆਂ ਪ੍ਰਤੀ ਆਦਰ ਭਾਵ ਪ੍ਰਗਟ ਕੀਤਾ ਗਿਆ ਹੈ ।

ਅਜਿਹੀ ਗਲ ਉਹਨੇ ਬੜੀ ਸ਼ਰਧਾ ਨਾਲ ਕਹੀ ਹੈ ਕਿ 'ਵਾਰੀ' ਕਰਨ ਵਾਲੇ ਪੰਢਰੀ ਦੇ ਵੀਰ ਹਨ ।

ਅਜ ਮਹਾਸੁਖ ਨਾਲ ਸ੍ਰਿਸ਼ਟੀ ਭਾਗਵਾਨ ਹੋ ਗਈ
ਪਾਪ ਤਾਪ ਦੇ ਵਾਸਤੇ ਉਹ ਵਿਕਾਰ ਹੈ
ਜਗਤ ਪਿਤਾ ਨੂੰ ਮਿਲਣ ਜਾਣ ਵਾਲੇ ਵੈਸ਼ਨਵਾਂ ਨੂੰ ਵਖ ਕੇ
ਸੁਰਗ ਵਿਚ ਦੇਵਤੇ ਝੰਡੇ ਉੱਚੇ ਕਰ ਰਹੇ ਹਨ
ਆਏ ਹਨ ਇਹ ਹਰੀ ਦੇ ਪਰਚਾਰਕ
ਵੀਰ ਹਨ ਇਹ ਵੀਰ ਹਨ ਪੰਢਰੀ ਦੀ ਯਾਤ੍ਰਾ ਕਰਨ ਵਾਲੇ
ਜਿੰਨਾਂ ਦੇ ਚਰਨਾਂ ਦੀ ਧੂੜ ਇਥੇ ਆਕਾਸ਼ ਵਿਚ ਉਡਦੀ ਹੈ
ਬਹਮਾ ਆਦਿ ਦੇਵਤਿਆਂ ਦੀ ਇਥੇ ਭੀੜ ਲੱਗੀ ਹੈ
ਸਿਰ ਚੁਕਦੇ ਹਨ ਇਹ ਇਕ ਦੂਸਰੇ ਅੱਗੇ
ਕਹਿੰਦੇ ਹਨ ਸਾਨੂੰ ਉਹ ਧੂੜ ਲਗੇ

ਭਗਤੀ ਤੇ ਪ੍ਰੇਮ-ਭਾਵ ਜਿਹਦੇ ਅੰਦਰ ਵਸਿਆ ਹੈ
ਉਹ ਹਰਿ ਦੇ ਰੰਗ ਵਿਚ ਨਚ ਰਹੇ ਹਨ
ਲਜਿਆ ਨੂੰ ਤਿਆਗ ਕੇ
ਉਹ ਖੁਸ਼ੀ ਨਾਲ ਭਰੇ ਚਿਤ ਵਿਚ ਅਨੰਦ ਨਾਲ ਮਸਤ ਹਨ
ਹਿਰਦੇ ਵਿਚ ਕ੍ਰਿਸ਼ਨ-ਮੂਰਤੀ ਨਾਲ ਮੇਲ ਹੋਇਆ
ਹਰਿ ਰੂਪ ਦਾ ਝਲਕਾਰਾ ਉਹ ਸਾਰੇ ਸੰਸਾਰ ਵਿਚ ਵੇਖਦੇ ਹਨ
ਝਰਨੇ ਵਗ ਰਹੇ ਹਨ ਉਨ੍ਹਾਂ ਦੇ ਕਮਲ ਰੂਪੀ ਨੈਣਾਂ ਵਿਚੋਂ
ਹਰ ਇਕ ਝੰਡੇ ਵਿਚ, ਰੋਮ ਰੋਮ ਵਿਚ, ਪਵਿਤਿਰ ਭਾਵ ਵੱਧੇ ਹਨ
ਉਹ ਵਿਚਾਲ ਦੇ ਨਾਮ ਦੀ ਘੋਸ਼ਣਾ ਗਰਜ ਕੇ ਕਰਦੇ ਹਨ
ਮੋਰ ਦੇ ਖੰਭ ਦਾ ਗੁੱਛਾ 'ਗਰੁੜਟਕੇ'
ਸਿਰ ਤੇ ਉਹਦੇ ਸਜਿਆ ਹੈ
ਉਥੇ ਕੇਸ਼ਵ ਦੇ ਨਾਮ ਲਈ ਤਨ ਗਾਧੀ ਹੈ,
ਹਰਿ ਦੇ ਦਾਸ ਨੇ ਪਾਂਵੜੇ ਵਿਛਾ ਦਿੱਤੇ ਹਨ। ੮੯੯।

ਨਾਮਦੇਵ ਦੀ ਆਪਣੇ ਸਰੀਰ ਦੀ 'ਗਾਧੀ' ਬਣਾ ਕੇ ਭਗਤਾਂ ਦੇ ਸਾਹਮਣੇ ਪਾਵੜੇ ਵਿਛਾਣ ਦੀ ਗਲ 'ਵਾਰੀਕਰਾਂ' ਦੇ ਸੰਬੰਧ ਵਿਚ ਉਸਦੇ ਪ੍ਰੇਮ ਨੂੰ ਪ੍ਰਗਟਾਉਂਦੀ ਹੈ। ਸੰਤਾਂ ਅਤੇ ਹੋਰ ਵੈਸ਼ਨਵਾਂ ਦੀ ਮਹਿਮਾ ਵਰਣਨ ਕਰਦੇ ਹੋਏ ਨਾਮਦੇਵ ਦੀ ਪ੍ਰਤਿਭਾ ਬਾਰ ਬਾਰ ਖਿੜ ਉਠਦੀ ਹੈ। ਸੰਤਾਂ ਦੀ ਵਡਿਆਈ ਦਾ ਅੰਤ ਕੌਣ ਜਾਣਦਾ ਹੈ ? ਬ੍ਰਹਮਾ ਵਰਗੇ ਉਹਦਾ ਅੰਤ ਦੱਸਣ ਦੀ ਕੋਸ਼ਿਸ਼ ਕਰਦੇ ਕਰਦੇ ਥੱਕ ਗਏ ਪਰ ਅਤ ਨਾ ਦਸ ਸਕੇ। ਅਜਿਹਾ ਇਕ ਵਾਰ ਕਹਿੰਦੇ ਹਨ :

ਝੰਡੇ ਕੁੰਚੀਆਂ ਗਰੁੜਟਕੇ
ਵੈਸ਼ਨਵ ਚਲ ਰਹੇ ਹਨ ਸੱਜ ਕੇ
ਵੈਸ਼ਨਵਾਂ ਦਾ ਦਲ ਆਇਆ
ਜਿਸ ਤੋਂ ਕਲਜੁਗ ਵੀ ਘਬਰਾ ਕੇ ਭਜ ਗਿਆ ॥ ੯੦੦ ॥

ਅਜਿਹਾ ਵਾਰੀ ਦਾ ਵਰਣਨ ਉਹਨਾਂ ਨੇ ਕੀਤਾ ਹੈ।

ਵਾਰੀਕਰ ਦਾ ਅਰਥ ਵੈਸ਼ਨਵ ਹੈ। ਵੈਸ਼ਨਵ ਹੋਣ ਦਾ ਉਪਾ ਨਾਮਦੇਵ ਦੇ ਸ਼ਬਦਾਂ ਵਿਚ ਸੁਣੋ :

ਵੇਦਾਂ ਦਾ ਅਧਿਐਨ ਕਰਨ ਨਾਲ ਵੈਦਿਕ ਬਣੋਗੇ
ਪਰ ਹੇ ਸਜਣੋ ! ਵੈਸ਼ਨਵ ਨਹੀਂ ਬਣੋਗੇ

ਪੁਰਾਣ ਪੜ੍ਹੋਗੇ ਤਾਂ ਪੁਰਾਣਿਕ ਬਣੋਗੇ
ਪਰ ਹੇ ਸਜਣੋ ! ਵੈਸ਼ਨਵ ਨਹੀਂ ਬਣੋਗੇ
ਗਾਇਨ ਕਰੋਗੇ ਤਾਂ ਗੁਣੀਜਨ ਹੀ ਬਣੋਗੇ
ਪਰ ਹੇ ਸਜਣੋ ! ਵੈਸ਼ਨਵ ਨਹੀਂ ਬਣੋਗੇ
ਕਰਮ ਕਰਨ ਨਾਲ ਤਾ ਕਰਮਧਾਰੀ ਹੀ ਬਣੋਗੇ
ਪਰ ਹੇ ਸਜਣੋ ! ਵੈਸ਼ਨਵ ਨਹੀਂ ਬਣੋਗੇ
ਯਗ ਕਰਨ ਨਾਲ ਤਾਂ ਯਗਧਾਰੀ ਹੀ ਬਣੋਗੇ
ਪਰ ਹੇ ਸਜਣੋ ! ਵੈਸ਼ਨਵ ਨਹੀਂ ਬਣੋਗੇ
ਤੀਰਥ ਯਾਤਰਾ ਕਰੋਗੇ ਤਾਂ 'ਕਾਵੜੀਆ' ਹੀ ਬਣੋਗੇ
ਪਰ ਹੇ ਸਜਣੋ ! ਵੈਸ਼ਨਵ ਨਹੀਂ ਬਣੋਗੇ
ਨਾਮਾ ਕਹਿੰਦਾ ਹੈ ਕਿ ਦੇਵਤਾ ਦਾ ਨਾਮ ਲਵੋਗੇ
ਤਾਂ ਹੀ ਹੇ ਸਜਣੋ ! ਵੈਸ਼ਨਵ ਬਣੋਗੇ ॥ ੧੫੬੫ ॥

ਅਰਥਾਤ ਨਾਮ ਸਿਮਰਨ ਵੈਸ਼ਨਵਾਂ ਦਾ ਸਥਾਈ ਭਾਵ ਹੈ :

ਵੈਸ਼ਨਵਾਂ ਦੇ ਘਰ ਤੇ ਪ੍ਰਾਹੁਣਚਾਰੀ ਲਈ
ਨਾਮ ਦਾ ਓਗਰ ਰਚਿਆ
ਥਾਲੀ ਭਰ ਕੇ ਲਵੋ ਤੇ ਢਿਡ ਭਰ ਕੇ ਖਾਓ
ਅਨੰਦ ਨਾਲ ਮਿਲ ਕੇ ਰਾਮ ਨਾਮ ਗਾਓ
ਨਾਮ ਦੇ ਵਿਰੋਧੀ ਬਣੋਗੇ, ਦੁਰਜਨਾਂ ਨੂੰ ਨਾਲ ਮਿਲਾ ਕੇ
ਏਕਾਂਤ ਵਿਚ ਸਿਮਰਨ ਕਰੋ, ਨਾਮਾ ਇਉਂ ਕਹਿੰਦਾ ਹੈ । ੯੦੬ ।

ਵੈਸ਼ਨਵਾਂ ਦੇ ਘਰ ਦੇ ਪ੍ਰਾਹੁਣੇ ਦਾ ਸਤਕਾਰ ਨਾਮ ਰੂਪੀ ਅੰਨ ਦੀ ਦਾਵਤ ਨਾਲ ਹੀ ਹੋਵੇਗਾ । ਪਰ ਇਹ ਨਾਮ ਸਿਮਰਨ ਇਕਾਂਤ ਵਿਚ ਕਰਨਾ ਚਾਹੀਦਾ ਹੈ । ਦੁਰਜਨਾਂ ਦੇ ਭੈੜੇ ਸ਼ਗਨਾਂ ਵਾਲੇ ਚਰਨਾਂ ਦੇ ਪੈਣ ਨਾਲ ਉਹਨਾਂ ਦੇ ਪੈਰਾਂ ਹੇਠਾਂ ਕੁਚਲੇ ਜਾਣ ਦਾ ਡਰ ਹੈ, ਉਹਨਾਂ ਦੀ ਨਜ਼ਰ ਲਗ ਸਕਦੀ ਹੈ :

ਸੁਖ ਦੀ ਗਲ ਸੰਤਾਂ ਦੇ ਅੱਗੇ ਛੇੜੋ
ਜਿਨ੍ਹਾਂ ਦੀ ਸੰਗਤ ਵਿਚ ਸੁਖ ਵਧਦਾ ਹੈ
ਇਹ ਗਲ ਵਧੇਰੇ ਸਿਆਣਿਆਂ ਨੂੰ ਨਾ ਦਸੋ
ਉਸ ਨਾਲ ਪਿਆਰ ਨੂੰ ਨਜ਼ਰ ਲਗ ਜਾਵੇਗੀ
ਨਾਮਾ ਕਹਿੰਦਾ ਹੈ ਉਹਦੀ ਸੰਗਤ ਵਿਚ ਮਨ ਨੂੰ

ਆਪਣੇ ਆਪ ਤੋਂ ਮੁਕਤੀ ਮਿਲਦੀ ਹੈ ।। ੯੩੨ ।।

ਇਸੀ ਤਰ੍ਹਾਂ ਦੇ ਵਿਚਾਰ ਉਹਨਾਂ ਨੇ ਏਥੇ ਓਥੇ ਕਈ ਥਾਂ ਪ੍ਰਗਟਾਏ ਹਨ ।

## ਨਾਮਦੇਵ ਦੁਆਰਾ ਰਚਿਆ ਨਾਮ-ਮਹਾਤਮ

ਨਾਮਦੇਵ ਦੇ ਦਰਸ਼ਨ ਦਾ ਮੁਖ ਭਾਗ ਨਾਮ ਸਿਮਰਨ ਹੈ । ਜਿਤਨੀ ਤਰ੍ਹਾਂ ਦਾ ਨਾਮ ਦਾ ਮਹਾਤਮ ਨਾਮਦੇਵ ਨੇ ਗਾਇਆ ਹੈ, ਉਤਨੀ ਤਰ੍ਹਾਂ ਦਾ ਹੋਰ ਕਿਸੇ ਸੰਤ ਨੇ ਨਹੀਂ ਗਾਇਆ ਹੋਵੇਗਾ । ਇਸ ਵਿਸ਼ੇ ਉਤੇ ਨਾਨਦੇਵ ਦੇ ਤਕਰੀਬਨ ੨੦੦ 'ਅਭੰਗ ਹਨ ਅਤੇ ਉਨ੍ਹਾਂ ਦੇ ਵਿਚ ਨਾਮ ਦੀ ਸ੍ਰੇਸ਼ਠਤਾ ਨੂੰ ਸੰਪੂਰਣ ਰੂਪ ਵਿਚ ਵਰਣਨ ਕੀਤਾ ਗਿਆ ਹੈ ।

ਨਾਮ ਦੀ ਮਹਿਮਾ ਬ੍ਰਹਮਾ ਵੀ ਨਹੀਂ ਜਾਣਦਾ
ਇਸ ਲਈ ਉਹ ਕਰਮ ਅਨੁਸਾਰ ਚਲਣ ਲਗਿਆ
ਨਾਮ ਹੀ ਕਰਮ ਹੈ ਨਾਮ ਹੀ ਧਰਮ ਹੈ

ਕੇਸ਼ਵ ਨੇ ਇਹ ਭੇਦ ਦਸਿਆ :

ਨਾਮ ਸ਼ੁਧ ਇਨਸਾਨ ਹੈ ਨਾਮ ਸ਼ੁਧ ਸੰਧਿਆ
ਨਾਮ ਤੋਂ ਬਿਨਾਂ ਵੇਦ ਕੋਈ ਹੋਰ ਨਹੀਂ
ਨਾਮ ਹੀ ਗਤੀ ਹੈ, ਨਾਮ ਹੀ ਮੁਕਤੀ ਹੈ
ਨਾਮਾ ਦੇ ਚਿਤ ਵਿਚ ਰਾਮ ਨਾਮ ਹੀ ਹੈ ।। ੭੦੧ ।।

ਨਾਮ ਮਹਾਤਮ ਦੇ ਵਾਸਤੇ ਨਾਮਦੇਵ ਨੇ ਨਾਮ-ਵੇਦ ਅਜਿਹਾ ਯਥਾਰਥ ਸ਼ਬਦ ਵਰਤਿਆ ਹੈ । ਉਹਨੇ ਅਜਿਹਾ ਪ੍ਰਗਟਾਵਾ ਕੀਤਾ ਹੈ ਕਿ ਇਹ ਹੀ ਈਸ਼ਵਰ ਦਾ ਸਭ ਕੁਝ ਹੈ :

ਨਾਮ ਹੀ ਰੂਪ ਹੈ, ਰੂਪ ਹੀ ਨਾਮ ਹੈ
ਨਾਮ ਰੂਪ ਮਿੱਤਰ ਨਹੀਂ
ਦੇਵ ਨੂੰ ਆਕਾਰ ਦਿੰਦਿਆਂ ਹੀ ਉਹ ਨਾਮਰੂਪ ਬਣਦਾ ਹੈ
ਇਸ ਲਈ ਉਹਨੂੰ ਨਾਮਵੇਦ ਵਿਚ ਸਥਾਪਤ ਕੀਤਾ ਹੈ
ਨਾਮ ਜਿਹਾ ਮੰਤਰ ਹੋਰ ਨਹੀਂ ਹੈ

ਮੂਰਖ ਸਾਨੂੰ ਗਿਆਨ ਹੀਨ ਕਹਿੰਦੇ ਹਨ
ਨਾਮਾ ਨਾਮ ਲੈਂਦਾ ਹੈ ਕੇਸ਼ਵ ਕੇਸ਼ਵ
ਅਤੇ ਪ੍ਰੇਮ ਵਿਚ ਮਸਤ ਭਗਤ ਵੀ ਇਹੋ ਜਾਣਦੇ ਹਨ ॥ ੭੪੭ ॥

ਕੇਵਲ ਇਕ ਰਾਮ ਨਾਮ ਨਾਲ ਕੀ ਕੀ ਵਾਪਰਦਾ ਹੈ, ਇਹ ਦਸਦੇ ਹੋਏ ਨਾ, ਦੇਵ ਕਹਿੰਦੇ ਹਨ :

ਪਾਪ ਘਬਰਾ ਗਏ ਰਾਮ ਨਾਮ ਲੈਂਦੇ ਹੀ
ਨਾਮ ਲੈਂਦੇ ਹੀ ਉਸੀ ਪਲ ਚਿੱਤਰਗੁਪਤ ਨੇ ਕਲਮ ਛੱਡ ਦਿਤੀ
ਪੂਜਾ ਦੀ ਸਮੱਗਰੀ ਲੈ ਕੇ
ਬ੍ਰਹਮਦੇਵ ਸਾਹਮਣੇ ਆਇਆ
ਨਾਮਾ ਕਹਿੰਦਾ ਹੈ ਜੇ ਇਹ ਝੂਠ ਹੋਵੇ
ਤਾਂ ਮੇਰਾ ਮੱਥਾ ਵਿੰਨ੍ਹ ਦਿਓ ॥ ੭੦੮ ॥

ਭਿੰਨ ਭਿੰਨ ਉਦਾਹਰਣ ਦੇ ਕੇ ਨਾਮਦੇਵ ਜੀ ਦਸਦੇ ਹਨ ਕਿ ਰਾਮ ਨਾਮ ਦੇ ਬਿਨਾਂ ਗਾਉਣਾ ਪੜ੍ਹਨਾ ਕਿਸ ਤਰ੍ਹਾਂ ਤਿਆਗਣ ਯੋਗ ਹੈ :

ਧ੍ਰਿਗ ਧ੍ਰਿਗ ਉਹ ਪਿੰਡ ਧ੍ਰਿਗ ਧ੍ਰਿਗ ਉਹ ਆਸ਼ਰਮ
ਜਿਥੇ ਨਹੀਂ ਹੈ ਸੰਗ ਸਮਾਗਮ
ਧ੍ਰਿਗ ਧ੍ਰਿਗ ਉਹ ਸੰਘ ਹੈ ਧ੍ਰਿਗ ਧ੍ਰਿਗ ਉਹ ਸੰਤਾਨ
ਜਿਥੇ ਸਭ ਸਰੀਰਾਂ ਵਿਚ ਭਜਨ ਨਹੀਂ ਹੈ
ਧ੍ਰਿਗ ਉਹ ਵਿਚਾਰ ਹੈ ਧ੍ਰਿਗ ਉਹ ਵਿਚਾਰ
ਜਿਥੇ ਵਚਨਾਂ ਵਿਚ ਨਹੀਂ ਹੈ ਸਰਵ-ਈਸ਼ਵਰ
ਧ੍ਰਿਗ ਹੈ ਉਹ ਬੋਲਣਹਾਰ ਤੇ ਧ੍ਰਿਗ ਹੈ ਉਹ ਸੁਣਨਹਾਰ
ਜਿਥੇ ਨਹੀਂ ਹੈ ਪਾਂਡੂਰੰਗ ਕਥਾ
ਧ੍ਰਿਗ ਉਹ ਗਾਣਾ ਧ੍ਰਿਗ ਉਹ ਪੜ੍ਹਨਾ
ਜਿਥੇ ਨਹੀਂ ਹੈ ਰਾਮ ਨਾਮ ਦਾ ਗਾਇਨ
ਨਾਮਾ ਕਹਿੰਦਾ ਹੈ ਧ੍ਰਿਗ ਧ੍ਰਿਗ ਉਹ ਜੀਣਾ
ਜਿਹੜਾ ਹੈ ਨਾਰਾਇਣ ਬਿਨਾਂ ॥ ੭੭੨ ॥

ਨਾਮ-ਮਹਾਤਮ ਇਤਨਾ ਵੱਡਾ ਹੈ ਕਿ ਉਸ ਦੀ ਨਿੰਦਿਆ ਕਰਕੇ ਉਸ ਨੂੰ ਹਾਸੋਹੀਣਾ ਕਹਿਣ ਵਾਲਿਆਂ ਨੂੰ ਨਾਮਦੇਵ ਨੇ ਤੁੱਛ ਗਿਣਿਆ ਹੈ :

ਜਿਹੜੇ ਸੁਚੱਜਾ ਗਾਣਾ ਗਾਂਦੇ ਹਨ
ਉਹਨਾਂ ਤੇ ਕੁਚੱਜੇ ਹਸਦੇ ਹਨ
ਨਾਮ ਮਿੱਠਾ ਹੈ ਨਾਮ ਮਿੱਠਾ ਹੈ
ਜਿਸ ਨਾਲ ਜੀਵਨ ਸਫ਼ਲਾ ਹੁੰਦਾ ਹੈ
ਜਿਹੜਾ ਹਸਦਾ ਹੈ ਉਹਨੂੰ ਹੱਸਣ ਦਿਓ
ਅਸੀਂ ਗਾਉਂਦੇ ਰਹੀਏ
ਨਾਮਾ ਕਹਿੰਦਾ ਹੈ ਜਿਹੜੇ ਹੱਸਣ
ਉਨ੍ਹਾਂ ਦੇ ਕੁਲ ਨਰਕ ਵਿਚ ਜਾਣ ।। ੭੮੯ ॥

ਨਾਮ-ਸਿਮਰਨ ਦੇ ਵਾਸਤੇ ਕੋਈ ਵੀ ਸਮਾਂ ਠੀਕ ਹੈ । ਸੰਸਾਰ ਦੁਖਾਂ ਨਾਲ ਭਰਿਆ ਹੋਣ ਤੇ ਵੀ ਨਾਮ ਸਿਮਰਨ ਨਾਲ ਦੁਖਾਂ ਦਾ ਨਾਸ ਹੁੰਦਾ ਹੈ :

ਪ੍ਰਸੰਨ-ਮੁਖ ਘਰ ਹੀ ਸਮਾਂ ਹੈ
ਹੋਰ ਹੋਰ ਕਰਮਾਂ ਦੇ ਉਪਾ ਕਿਉ ਕਰਦਾ ਹੈ ?
ਮੰਤ੍ਰਾਂ ਦਾ ਮੰਤ੍ਰ ਹੈ ਬੀਜ ਮੰਤਰ ਹਰਿ ਦਾ ਨਾਮ
ਉਹ ਹੀ ਹੈ ਸ਼ਿਵ ਦਾ ਰਾਮ ਨਾਮ
ਸੰਸਾਰ ਦੇ ਬੰਧਨ ਟੁੱਟਣਗੇ ਆਪਣੇ ਰਾਹ ਤੇ ਜਾਓਗੇ
ਬੁਰੇ ਵਿਚਾਰਾਂ ਤੋਂ ਤੂੰ ਛੇਤੀ ਮਨ ਹਟਾ ਲੈ
ਨਾਮਾ ਕਹਿੰਦਾ ਹੈ ਸਾਰੇ ਹਰਿ ਦਾ ਭਜਨ ਕਰੋ
ਸੰਸਾਰ ਦੀ ਚਿੰਤਾ ਤੋਂ ਮੁਕਤ ਹੋਵੋਗੇ । ॥ ੮੩੨ ॥

ਨਾਮ ਦਾ ਮਹਾਤਮ ਏਨਾ ਵੱਡਾ ਹੈ ਕਿ ਉਹ ਆਤਮ ਗਿਆਨ ਦਾ ਵੀ ਸਥਾਨ ਹੈ । ਉਹ ਦਵੈਤ ਅਤੇ ਅਦਵੈਤ ਦੋਹਾਂ ਤੋਂ ਪਰੇ ਹੈ ਅਤੇ ਸੈਭੰ ਹੈ । ਸੰਖੇਪ ਵਿਚ ਨਾਮ ਹੀ ਅੰਤਰਯਾਮੀ ਦਾ ਪਾਰਬ੍ਰਹਮ ਹੈ ।

ਗਿਆਨ, ਧਿਆਨ, ਜਪ, ਤਪ ਸਾਧਨ
ਉਹ ਨਾਮ ਕਿਸੇ ਦੇ ਵਸਾਹ ਵਿਚ ਨਹੀਂ ਆਉਂਦਾ
ਗੁਰੂ ਪਦ ਵਿਚ ਪਹਿਲਾਂ ਸ਼ਰਨ ਲੈਣੀ ਚਾਹੀਦੀ ਹੈ
ਮੈਂ ਮੇਰਾ ਹਾਂ ਇਹ ਨਾਮ ਪਛਾਣਨਾ ਚਾਹੀਦਾ ਹੈ ।
ਇਸ ਲਈ ਉਸਨੂੰ ਮੂਲ ਦੇਖ ਕੇ,
ਦਵੈਤ ਨੂੰ ਅਦਵੈਤ ਵਿਚ ਮਿਲਾਣਾ ਚਾਹੀਦਾ ਹੈ ।
ਉਹ ਦਵੈਤ ਅਦਵੈਤ ਤੋਂ ਪਰੇ ਹੈ ਉਹ ਸ੍ਵੈ ਸੰਚਿਤ ਹੈ ।

ਉਹੀ ਨਾਮ ਤਿੰਨਾਂ ਲੋਕਾਂ ਵਿਚ ਆਇਆ ਹੈ
ਨਾਮਦੇਵ ਕਹਿੰਦਾ ਹੈ ਪਾਰਬ੍ਰਹਮ ਹੀ ਨਾਮ ਹੈ
ਦਵੈਤ ਕਿਰਿਆ-ਕਰਮ ਓਥੇ ਨਹੀਂ ਹੈ ॥ ੮੮੫ ॥

ਨਾਮਦੇਵ ਨੂੰ ਨਾਮ ਏਨਾਂ ਪਿਆਰਾ ਹੈ ਕਿ ਆਪਣੀ ਬਾਣੀ ਦੁਆਰਾ ਨਾਮ ਸਿਮਰਨ ਕਰਨ ਵਾਲੇ ਭਾਗਸ਼ਾਲੀ ਸੰਤਾਂ ਦੀ ਉਹ ਦਾਸ ਬਿਰਤੀ ਰਾਹੀਂ ਸ਼ਰਨ ਜਾਂਦੇ ਹਨ :

ਸਭ ਈਸ਼ਵਰ ਦਾ ਹੈ ਵਿਠੱਲ ਮੂੰਹ ਤੋਂ ਕਹੋ
ਉਹਨਾਂ ਦੀ ਸਾਰੀ ਕੁਲ ਪੁੰਨ ਵਾਲੀ ਹੋਵੇਗੀ
ਉਹ ਸਾਰੇ ਸੰਸਾਰੀ ਧੰਨ ਮੰਨੇ ਜਾਣੇ ਚਾਹੀਦੇ ਹਨ
ਜਿਨ੍ਹਾਂ ਦਾ ਪੂਰਨ ਪ੍ਰੇਮ ਪਾਂਡੂਰੰਗ ਵਿਚ ਹੈ
ਅਤੇ ਜੋ ਵਿਠੱਲ ਵਿਚ ਦਿਨ ਰਾਤ ਡੁੱਬੇ ਹਨ
ਦਾਸ-ਭਾਵਨਾ ਨਾਲ ਨਾਮਾ ਉਹਨਾਂ ਦੀ ਸੇਵਾ ਕਰਦਾ ਹੈ ॥੮੮੯ ॥

ਨਾਮ ਦੇਵ ਨੇ ਨਾਮ ਦਾ ਮਹਾਤਮ ਏਨੀ ਅਧਿਕਤਾ ਨਾਲ ਵਰਨਣ ਕੀਤਾ ਹੈ ਕਿ ਉਹਨਾਂ ਨੂੰ ਨਾਮ ਭਾਗਵਤ ਧਰਮ ਦੀ ਕੰਗਰੋੜ ਪ੍ਰਤੀਤ ਹੁੰਦਾ ਹੈ। ਨਾਮ ਸਿਮਰਨ ਕਰਨ ਵਾਲਿਆਂ ਪੁੰਨਵੰਤਾਂ ਦੇ ਬਾਰੇ ਵਿਚ ਉਹਨਾਂ ਦੀ ਇਸ ਦਾਸ-ਭਾਵਨਾ ਨੂੰ ਧਿਆਨ ਵਿਚ ਰਖ ਕੇ ਹੀ ਸੰਤ ਬਹਿਣਾਬਾਈ ਨੇ ਇਹ ਉਦਗਾਰ ਪ੍ਰਗਟ ਕੀਤੇ ਹਨ ਕਿ ਨਾਮਦੇਵ ਭਾਗਵਤ ਧਰਮੀ ਰੂਪੀ ਮੰਦਰ ਦਾ ਕਿੰਕਰ (ਦਾਸ) ਹੈ :

ਨਾ ਪੜ੍ਹੀਏ ਵੇਦ ਅਤੇ ਨਾ ਹੀ ਚਾਂਹੀਦਾ ਹੈ ਸ਼ਾਸਤਰ-ਬੋਧ
ਨਾਮਾ ਦਾ ਪ੍ਰਬੰਧ ਯਾਦ ਕਰੋ
ਨਾ ਬ੍ਰਹਮ-ਗਿਆਨ ਨਾ ਵੈਰਾਗ ਹੁੰਦਾ ਹੈ
ਸੰਤਾਂ ਨਾਲ ਸਾਦੀ ਭਗਤੀ ਭਾਵਨਾ ਹੀ ਸਾਧੀ
ਏਸ ਕਲਿਜੁਗ ਵਿਚ ਹੋਰ ਕਿਰਿਆ ਕਰਮ ਕਰਕੇ
ਕਿਹੜੇ ਬਲੀ ਤਰ ਗਏ, ਦੱਸੋ
ਨਾਮ ਕਹਿੰਦਾ ਹੈ ਮੈਨੂੰ ਸੰਤਾਂ ਨੇ ਕਿਹਾ ਹੈ
ਇਸ ਤੋਂ ਅੱਛਾ ਬਿਸਰਾਮ ਹੋਰ ਕੋਈ ਨਹੀਂ ॥ ੧੭੬੧ ॥

ਇਸ ਤਰ੍ਹਾਂ ਸੰਤਾਂ ਦੀ ਪ੍ਰੇਰਣਾ ਦੇ ਅਨੁਸਾਰ ਨਾਮਦੇਵ ਨੇ ਅਨਾਹਤ ਨਾਮ ਪ੍ਰਬੰਧ ਦਾ ਪਠਨ ਕਰਨ ਦਾ ਸੰਦੇਸ਼ ਦਿਤਾ ਹੈ।

ਮਨ ਚੰਚਲ ਹੈ, ਚਪਲ ਹੈ, ਸੰਕਲਪ-ਵਿਕਲਪਾਤਮਕ ਹੈ, ਲੰਪਟ ਹੈ, ਉਸ ਦੀ ਸੁਭਾਵਕ ਪਰਵਿਰਤੀ ਪਰਾਏ ਧਨ, ਪਰਾਈ ਨਾਰੀ ਅਤੇ ਪਾਪ ਵਲ ਹੈ। ਇਸ ਲਈ ਮਨ ਦੀ ਸਤਿ-ਪ੍ਰਵਿਰਤੀ ਵਧਾਉਣ ਲਈ ਨਾਮਦੇਵ ਨੇ ਮਨ ਨੂੰ ਵਖ ਵਖ ਤਰ੍ਹਾਂ ਦੇ ਉਪਦੇਸ਼ ਦਿਤੇ ਹਨ। ਇਸ ਵਿਸ਼ੇ ਉਤੇ ਨਾਮਦੇਵ ਦੇ ਕੋਲ ਪੰਝੀ ਅਭੰਗ ਹਨ ਅਤੇ ਉਹ ਉਹਨਾਂ ਦੇ ਅੰਤਰ-ਮੁਖ ਤੱਤ-ਚਿੰਤਨ ਨੂੰ ਪ੍ਰਗਟਾਉਂਦੇ ਹਨ :

ਇਕ ਘੜੀ ਹੇ ਮਨ ਇਕਾਂਤ ਵਿਚ ਬਹਿ ਕੇ
ਵਿਚਾਰ ਕਰੋ ਕਿ ਬਿਸਰਾਮ ਕਿੱਥੇ ਹੈ
ਚੌਰਾਸੀ ਲਖ ਦੀ ਆਵਾਜਾਈ ਤੋਂ
ਹੇ ਗੰਵਾਰ, ਤੂੰ ਬਾਰ ਬਾਰ ਥਕਿਆ ਹੈਂ
ਮਨੁਖ ਦੇਹ ਦੀ ਆਯੂ ਦੁਰਲਭ ਹੈ
ਉਹ ਵਿਅਰਥ ਜਾ ਰਹੀ ਹੈ।
ਖਪਰੈਲ ਵਾਸਤੇ ਪਾਰਸ ਪੱਥਰ ਨੂੰ ਛਡਿਆ
ਮੇਰਾ ਹਿਰਦਾ ਦੁਖ ਨਾਲ ਟੁਟ ਰਿਹਾ ਹੈ
ਨਾਮਾ ਕਹਿੰਦਾ ਹੈ ਮੈਂ ਤੇਰੇ ਅਗੇ ਬਿਨਤੀ ਕਰਦਾ ਹਾਂ
ਵਾਸਨਾ ਦੀ ਸੰਗਤ ਨੂੰ ਛਡ ਦੇ ॥ ੧੭੮੮ ॥

ਵਾਸਨਾ ਦੀ ਸੰਗਤ ਛੱਡਣ ਵਾਸਤੇ ਸਤਿਸੰਗ ਹੀ ਇਕੋ ਇਕ ਉਪਾ ਹੈ। ਮਨ ਜਿਸ ਗਲ ਦੇ ਪਿਛੇ ਲਗਦਾ ਹੈ, ਉਸੇ ਦਾ ਰੂਪ ਗ੍ਰਹਿਣ ਕਰ ਲੈਂਦਾ ਹੈ :

ਪ੍ਰਿਥਵੀ ਦਾ ਧਿਆਨ ਧਰੋਂਗੇ ਤਾਂ ਪ੍ਰਿਥਵੀ ਬਣੋਗੇ
ਕੇਸ਼ਵ ਨਹੀਂ ਬਣ ਸਕੋਗੇ
ਹੇ ਮਨ ! ਏਦਾਂ ਕਹਿਕੇ ਪ੍ਰਿਥਵੀ ਅੱਗ, ਵਾਯੂ
ਆਕਾਸ਼ ਦਾ ਧਿਆਨ ਕਰਨ ਦੇ ਬਦਲੇ
ਨਾਮਾ ਕਹਿੰਦਾ ਹੈ ਜੇ ਕੇਸਵ ਦਾ ਧਿਆਨ ਧਰੋਗੇ
ਤਾਂ ਹੇ ਮਨ ਕੇਸ਼ਵ ਹੀ ਬਣੋਗੇ ॥ ੧੬੦੩ ॥

ਇਉਂ ਉਸ ਨੇ ਮਨ ਨੂੰ ਸਮਝਾਇਆ ਹੈ।

ਨਾਮਦੇਵ ਨੇ ਜਿਵੇਂ ਮਨ ਨੂੰ ਉਪਦੇਸ਼ ਦਿਤਾ ਹੈ, ਉਸੇ ਤਰ੍ਹਾਂ ਹੀ ਸੰਸਾਰੀਆਂ ਨੂੰ, ਮੋਖਾਰਥੀਆਂ ਨੂੰ ਅਤੇ ਦੁਸ਼ਟਾਂ ਦੁਰਜਨਾਂ ਨੂੰ ਵੀ ਦਿਤਾ ਹੈ। ਉਹਨਾਂ ਦੇ ਉਪਦੇਸ਼

ਦੇ ਮੁਖ ਵਿਸ਼ੇ ਚਿੱਤ-ਸੁਧੀ, ਸਤਿਸੰਗ, ਈਸ਼ਵਰ-ਭਗਤੀ ਆਦਿ ਹਨ ਅਤੇ ਉਹਨਾਂ ਦੇ ਉਪਦੇਸ਼ ਦਾ ਮਰਮ ਹੈ ਹਰ ਪ੍ਰਕਾਰ ਦੀਆਂ ਸਤਿ-ਪ੍ਰਵਿਰਤੀਆਂ ਦੇ ਪ੍ਰਤਿ-ਸਦਭਾਵ ਅਤੇ ਪ੍ਰੇਮ। ਪ੍ਰੇਮ, ਇਹ ਤਾਂ ਆਪ-ਮੁਹਾਰਾ ਪ੍ਰਗਟ ਹੁੰਦਾ ਹੈ ਅਤੇ ਉਹ ਉਧਾਰ ਨਹੀਂ ਲਿਆਇਆ ਜਾ ਸਕਦਾ। ਉਸ ਦਾ ਸਾਂਗ ਨਹੀਂ ਕੀਤਾ ਜਾ ਸਕਦਾ :

ਚੰਦਰਮਾ ਸੂਰਜ ਦੇ ਬਿੰਬ ਲਿਖੇ ਜਾ ਸਕਦੇ ਹਨ ਨਕਲ ਵਿਚ
ਪਰ ਪ੍ਰਕਾਸ਼ ਦਾ ਅੰਗ ਲਿਖ ਨਹੀਂ ਸਕਦੇ
ਸਨਿਆਸੀ ਦਾ ਸ੍ਵਾਂਗ ਭਰ ਸਕਦੇ ਹਨ ਨਕਲਚੀ
ਪਰ ਸ਼੍ਰੇਸ਼ਠ ਵੈਰਾਗ ਦਾ ਅੰਗ ਨਹੀਂ ਲਿਆਂਦਾ ਜਾ ਸਕਦਾ
ਨਾਮਾ ਕਹਿੰਦਾ ਹੈ ਕਿ ਸਵਾਂਗਧਾਰੀ ਕੀਰਤਨ ਵੀ ਕਰਦੇ ਹਨ,
ਪਰ ਪ੍ਰੇਮ ਦਾ ਅੰਗ ਉਹ ਨਹੀਂ ਲਿਆ ਸਕਦੇ ॥ ੧੫੯੨ ॥

ਭਗਤੀ ਹੀ ਮਾਨਵ-ਜੀਵਨ ਦੀ ਮਨਜ਼ਲ ਹੈ। ਉਸ ਦਾ ਮਹਾਤਮ ਵਰਨਣ ਕਰਦੇ ਹਨ :

ਭਗਤੀ ਤੋਂ ਬਿਨਾਂ ਮੁਕਤੀ ਨਹੀਂ ਹੈ
ਇਹ ਸਿਧਾਂਤ ਹਥ ਉਠਾ ਕੇ ਵੇਦ ਕਹਿੰਦੇ ਹਨ
ਇਸ ਲਈ ਉਹੀ ਗਿਆਨ ਜਾਨਣ ਲਈ
ਸੰਤ ਨੂੰ ਪਛਾਣ ਕੇ ਕੀ ਕਰਨਾ ਚਾਹੀਦਾ ਹੈ
ਸੰਸਾਰ-ਪ੍ਰਪੰਚ ਝੂਠਾ ਹੈ, ਸ਼ਾਸਤ੍ਰਾਂ ਨੇ ਕਿਹਾ ਹੈ
ਸਾਖੀ ਭਰਨ ਵਾਸਤੇ ਸਤਿਗੁਰੂ ਦੀ ਲੋੜ ਹੈ
ਨਾਮਾ ਕਹਿੰਦਾ ਹੈ ਸੰਤਾਂ ਦੀ ਸੇਵਾ ਕਰਦੇ ਰਹੀਏ
ਉਹਨਾਂ ਦੀ ਕਿਰਪਾ ਗ੍ਰਹਿਣ ਕਰੀਏ
ਇਹੋ ਗਿਆਨ ਹੈ ॥ ੧੭੦੨ ॥

ਭਗਤੀ-ਯੋਗ ਦਾ ਮਰਮ ਸਪਸ਼ਟ ਕਰਦਿਆਂ ਹੋਇਆਂ ਉਹਨਾਂ ਨੇ ਇਕ ਅਭੰਗ ਵਿਚ ਆਖਿਆ :—

ਬੋਲਣ ਵਾਲੇ ਬੋਲਦੇ ਹਨ, ਸ਼ਰੁਤੀਆਂ ਉਸਤਤਿ ਕਰਦੀਆਂ ਹਨ
ਹਰਿ ਮਿਲੇਗਾ ਉਹ ਹਾਲਤ ਹੋਰ ਹੀ ਹੈ।
ਤੂੰ ਜੋ ਪ੍ਰਾਪਤ ਨਹੀਂ ਕਰਦਾ ਉਹ ਸੁਪਨਾ ਹੈ
ਹਰਿ ਸ਼ਬਦ ਇਕੱਲਾ ਬ੍ਰਹਮ ਹੈ

ਪਾਉਂਦਾ ਹੈ ਉਹ ਮਰਮ ਹੋਰ ਹੀ ਹੈ
ਇਕ ਚੇਤਨਾ ਇਕ ਕਿਰਿਆ ਕਰਦੇ ਹਨ ਉਹ
ਏਧਰ ਉਧਰ ਭਟਕਦੇ ਹਨ
ਹਰਿ ਮਿਲਣ ਦੀ ਰਾਹ ਹੋਰ ਹੀ ਹੈ
ਇਕ ਹੈ ਤਾਰਕਿਕ
ਚਾਰਵਾਕ ਆਦਿ ਵਾਦ-ਵਿਵੇਾਦ ਕਰਨ ਵਾਲੇ
ਹਰਿ ਦਾ ਸੁਖ ਹੋਰ ਹੀ ਹੈ
ਚਤੁਰ ਵਕਤੇ
ਪੁਸਤਕ-ਗਿਆਨ ਰਾਹੀਂ ਕਵਿਤਾ ਜੋੜ ਲੈਂਦੇ ਹਨ
ਸੰਤਾਂ ਨੂੰ ਖੁਸ਼ ਕਰਨ ਵਾਲੇ ਲੋਕਾਚਾਰੀ ਹਨ
ਜਿਨ੍ਹਾਂ ਨੇ ਤੈਨੂੰ ਜਾਣਿਆ
ਉਹ ਮੌਣ ਰਹਿ ਗਏ
ਨਾਮਾ ਕਹਿੰਦੇ ਹਨ ਉਹਨਾਂ ਨੇ ਪਾ ਲਿਆ
ਭਗਤੀ-ਯੋਗ ਦੁਆਰਾ ॥ ੧੦੭੫ ॥

## ਨਾਮਦੇਵ ਦੀ ਸਮਾਜ-ਚੇਤਨਾ

ਨਾਮਦੇਵ ਦੇ ਸਮੇਂ ਵਿਚ ਜਾਤ-ਪਾਤ, ਵਰਤ-ਵਿਕਲਪ, ਤੀਰਥ-ਖੇਤ੍ਰਾਂ ਅਤੇ ਦੇਵੀ-ਦੇਵਤਿਆਂ ਦਾ ਬਹੁਤ ਬੋਲ ਬਾਲਾ ਸੀ। ਪਰ ਨਾਮਦੇਵ ਨੇ ਜਾਤੀ-ਭੇਦ ਦੇ ਤਤਕਾਲੀਨ ਪਾਖੰਡ ਦੀ ਨਿਖੇਧੀ ਕੀਤੀ ਹੈ ਅਤੇ ਚਿੱਤ ਸੁਧ ਨਾ ਹੋਣ ਤੇ ਤੀਰਥ-ਰਟਣ ਨੂੰ ਵਿਅਰਥ ਦਸਿਆ ਹੈ। ਦੇਵਤਿਆਂ ਨੂੰ ਬਲੀ ਦੇ ਕੇ ਪਥੱਰ ਅਤੇ ਧਾਤ ਦੀਆਂ ਮੂਰਤੀਆਂ ਦੀ ਪੂਜਾ ਤਿਆਗਣ-ਯੋਗ ਹੈ। ਇਹ ਗਲਾਂ ਉਹਨਾਂ ਅਨੇਕ ਪ੍ਰਸੰਗਾਂ ਦੁਆਰਾ ਸਪਸ਼ਟ ਕੀਤੀਆਂ ਹਨ।

ਨਾਮਦੇਵ ਨੇ ਆਪਣੀ 'ਛੀਬਾਂ' ਜਾਤ ਦਾ ਉਲੇਖ ਕਰਕੇ ਸਥਾਪਤ ਕੀਤਾ ਹੈ ਕਿ ਭਗਤੀ ਜਾਤ ਤੋਂ ਸ੍ਰੇਸ਼ਠ ਹੈ :

ਪਾਰਸ ਨਾਲ ਜੋ ਲੋਹਾ ਛੋਂਹਦਾ ਹੈ
ਉਹ ਸੋਨਾ ਹੋ ਜਾਂਦਾ ਹੈ
ਉਸ ਨੂੰ ਪਹਿਲੇ ਵਰਗੀ ਹਾਲਤ ਵਿਚ ਨਹੀਂ ਕਿਹਾ ਜਾਂਦਾ
ਛੋਟੇ ਛੋਟੇ ਝਰਨੇ ਜਾ ਕੇ ਗੰਗਾ ਵਿਚ ਮਿਲ ਜਾਂਦੇ ਹਨ
ਉਹ ਪਹਿਲੀ ਸਥਿਤੀ ਵਿਚ ਨਹੀਂ ਰਹਿੰਦੇ
ਨਾਮਾ ਕਹਿੰਦਾ ਹੈ ਕਿ ਮਧ ਜਾਤੀ

ਵਿਚੋਂ ਉਠ ਕੇ ਜੋ ਪ੍ਰੇਮ ਮਈ ਭਗਤੀ ਕਰਦਾ ਹੈ
ਉਹ ਪਹਿਲੇ ਵਰਗੀ ਸਥਿਤੀ ਵਿਚ ਨਹੀਂ ਰਹਿ ਜਾਂਦਾ ॥ ੯੭੩ ॥

ਜਾਤ ਤੋਂ ਆਦਮੀ ਦੀ ਪਛਾਣ ਨਹੀਂ ਕਰਨੀ ਚਾਹੀਦੀ, ਇਸ ਸੰਦਰਭ ਵਿਚ ਉਹਨਾਂ ਨੇ ਇਕ ਹੋਰ ਦ੍ਰਿਸ਼ਟਾਂਤ ਦਿਤਾ ਹੈ :

ਗੰਦੀ ਜ਼ਮੀਨ ਤੇ ਤੁਲਸੀ ਉੱਗੀ
ਉਹਨੂੰ ਅਪਵਿਤ੍ਰ ਨਹੀਂ ਕਹਿੰਦੇ
ਕਾਂ ਦੀ ਵਿਠ ਵਿਚੋਂ ਪਿਪਲ ਜੰਮਿਆਂ
ਉਹਨੂੰ ਭੈੜਾ ਨਹੀਂ ਕਹਿੰਦੇ
ਦਾਸੀ ਦੇ ਪੁੱਤਰ ਨੂੰ ਰਾਜਪਦ ਮਿਲਿਆ
ਉਸਦੇ ਪਿਛੇ ਦੀ ਉਪਮਾ ਨਹੀਂ ਦੇਂਦੇ
ਨਾਮਾ ਕਹਿੰਦਾ ਹੈ ਮੈਂ ਜਾਤ ਦਾ ਛੀਬਾਂ ਹਾਂ
ਜਾਤ ਦੀ ਉਪਮਾ ਨਾ ਦਿਉ ॥ ੯੭੫ ॥

ਕੇਵਲ ਸਵਰਨ ਜਾਤੀਆਂ ਬਾਰੇ ਹੀ ਨਹੀਂ ਸਗੋਂ ਅਵਰਨ ਅਤੇ ਅਛੂਤ ਮੰਨੇ ਜਾਣ ਵਾਲੇ ਚੋਖਾਮੇਲਾ ਵਰਗੇ ਸਮਕਾਲੀ ਸੰਤਾਂ ਨਾਮਦੇਵ ਦਾ ਜੋ ਵਿਹਾਰ ਹੈ ਉਸ ਤੋਂ ਉਹਨਾਂ ਦਾ ਵਿਆਪਕ ਅਤੇ ਮਾਨਵਤਾਵਾਦੀ ਦ੍ਰਿਸ਼ਟੀਕੋਣ ਸਪਸ਼ਟ ਹੁੰਦਾ ਹੈ।

ਚੋਖਾ ਮੇਲਾ ਦੇ ਸਿਖ ਬੰਕਾਮਹਾਰ ਨੇ ਇਕ ਉਮੰਗ ਵਿਚ ਇਉਂ ਕਿਹਾ :

ਨਾਮ ਦੇਵ ਨੇ ਚੋਖੇ ਦੇ ਸਿਰ ਤੇ ਹਥ ਰਖਿਆ
ਵਿੱਠਲ ਨਾਮ ਦਾ ਉਪਦੇਸ਼ ਦਿਤਾ
ਬੰਕਾ ਕਹਿੰਦਾ ਹੈ ਮੇਰਾ ਚੋਖਾ ਗੁਰੂ
ਮਾਤਾ ਦੇ ਸਮਾਨ ਹੈ
ਉਸ ਦੇ ਪੈਰਾਂ ਵਿਚ ਡੰਡੋਤ ਕਰਦਾ ਹਾਂ

ਨਾਮਦੇਵ ਨੇ ਅਛੂਤ ਜਾਤ ਦੇ ਚੋਖੋਬਾ ਦੇ ਸਿਰ ਤੇ ਹਥ ਰਖ ਕੇ ਉਸਨੂੰ ਉਪਦੇਸ਼ ਦਿਤਾ। ਏਨਾ ਹੀ ਨਹੀਂ, ਮੰਗਲ ਵੇੜ੍ਹੇ ਵਿਚ ਉਹਨਾਂ ਦੇ ਸਰੀਰ ਉਪਰ ਕੰਧ ਡਿਗ ਪਈ ਅਤੇ ਉਹ ਸੁਰਗਵਾਸ ਹੋ ਗਏ। ਉਹਨਾਂ ਦੀਆਂ ਅਸਥੀਆਂ ਖੁਦ ਪਛਾਣ ਕੇ ਆਪਣੇ ਅਤੇ ਪੰਢਰਪੁਰ ਦੇ ਮਹਾਦਵਾਰ ਤੇ ਉਹਨਾ ਦੀ ਸਥਾਪਨਾ ਕੀਤੀ। ਨਾਮਦੇਵ ਦੀ ਰਚਨਾ ਵਿਚ ਇਹ ਵੀ ਇਕ ਅਲੌਕਿਕ ਘਟਨਾ ਮੰਨੀ ਜਾਂਦੀ ਹੈ।

ਤੀਰਥ-ਖੇਤਰ ਦਾ ਮਹਾਤਮ ਨਾਮਦੇਵ ਦੇ ਕਾਲ ਵਿਚ ਕਿੰਨਾ ਸੀ। ਇਸ ਦਾ

ਵੇਰਵਾ ਉਹਨਾਂ ਦੇ ਅਭੰਗਾਂ ਵਿਚੋਂ ਥਾਂ ਥਾਂ ਮਿਲਦਾ ਹੈ। ਸਮਕਾਲੀ ਸੰਤਾਂ ਦੇ ਨਾਲ ਨਾਲ ਨਾਮਦੇਵ ਨੇ ਤੀਰਥ-ਯਾਤਰਾ ਕੀਤੀ, ਇਹ ਤਾਂ ਮਸ਼ਹੂਰ ਹੀ ਹੈ। ਤਾਂ ਵੀ ਮਨ ਨਿਰਮਲ ਨਾ ਹੋਣ ਤੇ ਤੀਰਥ-ਰਟਨ ਕਿਵੇਂ ਵਿਅਰਥ ਹੁੰਦਾ ਹੈ, ਇਸ ਦੇ ਬਾਰੇ ਵਿਚ ਉਹਨਾਂ ਦੇ ਉਦਗਾਰ ਬਹੁਤ-ਕਠੋਰ ਹਨ :

ਕੀ ਲਾਭ ਹੈ ਤੀਰਥ-ਰਟਨ ਨਾਲ
ਮਨ ਤਾਂ ਭਰਿਆ ਹੈ ਅਵਗੁਣ ਨਾਲ
ਕਿਸ ਕੰਮ ਹੈ ਤਪ
ਜਦ ਚਿਤ ਵਿਚ ਨਹੀਂ ਹੈ ਤਪਸਿਆ
ਮਨ ਵਿਚਲੇ ਸੰਕਲਪ ਦੇ ਪਾਪ
ਤੀਰਥ ਦਾ ਪਿਉ ਵੀ ਨਹੀਂ ਮਿਟਾ ਸਕਦਾ
ਨਾਮਾ ਕਹਿੰਦਾ ਹੈ ਸਭ ਸਰਲ ਹੈ
ਪਾਪ ਤਪਸਿਆ ਨਾਲ ਜਾਂਦੇ ਹਨ ॥ ੧੫੮੬ ॥

ਇਹੋ ਗਲ ਇਕ ਦੋ ਉਚਿਤ ਦ੍ਰਿਸ਼ਟਾਂਤ ਦੇ ਕੇ ਉਨ੍ਹਾਂ ਨੇ ਹੋਰ ਸਪਸ਼ਟ ਕੀਤੀ ਹੈ—

ਕੌੜੀ ਬਨਸਪਤੀ ਸ਼ੱਕਰ ਵਿਚ ਘੋਲਣ ਨਾਲ
ਕੀ ਕੁੜਿਤਣ ਚਲੀ ਜਾਂਦੀ ਹੈ ?
ਉਂਞ ਤੁਸੀਂ ਚਾਹੋ ਤਾਂ ਕਰੋ ਤੀਰਥ-ਰਟਨ
ਨਹੀਂ ਉਸ ਨਾਲ ਹੁੰਦਾ ਨਿਰਮਲ ਮਨ
ਬਚਨਾਗ ਨੂੰ ਦੁਧ ਵਿਚ ਰਿੱਧਾ
ਤਾਂ ਵੀ ਕੀ ਉਸ ਦਾ ਗੁਣ ਗਿਆ ?
ਨਾਮਾ ਕਹਿੰਦਾ ਹੈ ਸੰਤ ਸਜਣ ਸੰਗਤ
ਅਜਿਹਆਂ ਨੂੰ ਹੀ ਵੇਲਾ ਪਾ ਕੇ ਮਿਲਦੀ ਹੈ ਮੁਕਤੀ ॥ ੧੫੭੨ ॥

ਅਰਥਾਤ ਨਾਮਦੇਵ ਦੇ ਮਤ ਵਿਚ 'ਤੀਰਥਾਂ ਦਾ ਤੀਰਥ ਸਮਰਥ ਨਾਮ ਹੈ।' 'ਤਪ, ਦਾਨ, ਵਰਤ, ਯਗ ਕਰੋੜਾਂ ਕਰੋ। ਹਰਿ ਨਾਮ ਨਾਲ ਤੋਲਣ ਤੇ ਉਹ ਹੌਲੇ ਹੀ ਨਿਕਲਦੇ ਹਨ, (੭੨੪) ਇਹ ਸਪਸ਼ਟ ਹੈ।

ਤੀਰਥ ਗੁਣ ਵਾਂਗ ਹੀ ਉਹਨਾਂ ਦੇ ਸਮੇਂ ਵਿਚ ਵੱਖ ਵੱਖ ਦੇਵਤਿਆਂ ਦੇ ਨਾਮ ਉਤੇ ਵਪਾਰ ਧੰਦੇ ਕੀਤੇ ਜਾਂਦੇ ਸਨ। ਨਾਮ ਦੇਵ ਨੇ ਉਹਨਾਂ ਦੀ ਵੀ ਨਿਖੇਧੀ ਕੀਤੀ :—

ਕਸਾਈਆਂ ਵਰਗਾ ਵਿਹਾਰ ਕਰਦੇ ਹਨ

ਮਨ ਵਿਚ ਸਦਾ ਇਹੋ ਧਾਰਣਾ ਰਹਿੰਦੀ ਹੈ
ਦੁਸ਼ਟ ਦੁਰਾਚਾਰੀ ਦੁਰਬਲ ਘਾਤਕੀ
ਸਰਬ-ਨਾਸ਼ ਕਰਨ ਵਾਲੇ ਉਹ ਪਾਪੀ ਹਨ ॥ ੧੬੧੦ ॥

ਨਾਮਦੇਵ ਵਿਠੋਬਾ ਦੇ ਅਨਿੰਨ ਤਗਤ ਹਨ। ਉਹਨਾਂ ਦਾ ਮੱਤ ਹੈ ਕਿ 'ਇਸ ਵਿਠੋਬਾ ਨਾਲੋਂ ਵੱਡਾ ਜੋ ਗਿਆਨ ਦੇਵਤਾ ਨੂੰ ਕਹਿੰਦੇ ਹਨ। ਅਜਿਹੇ ਸ਼ਬਦ ਮੇਰੇ ਕੰਨਾਂ ਨਹੀਂ ਸੁਖਾਂਦੇ (੧੬੧੪)'। ਨਾਮ ਦੇਵ ਦੀ ਸਾਰੀ ਰਚਨਾ ਅਤੇ ਵਿਸ਼ੇਸ਼ ਤੌਰ ਉਪਰ ਉਨ੍ਹਾਂ ਦੇ ਰੂਪਾਤਮਕ ਅਤੇ ਸਵੈ-ਜੀਵਨੀ ਵਾਲੇ ਅਭੰਗਾਂ ਤੋਂ ਇਹ ਜਾਪਦਾ ਹੈ ਕਿ ਉਨ੍ਹਾਂ ਨੇ ਆਪਣੇ ਆਲੇ ਦੁਆਲੇ ਦੇ ਸਮਾਜ ਨੂੰ ਸਜਗਤਾ ਨਾਲ ਵੇਖਿਆ ਹੈ। ਉਨ੍ਹਾਂ ਦੇ ਪੈਰ ਆਤਮ-ਨਿਸ਼ਠ ਸਾਧਨਾ ਅਤੇ ਭਗਤੀ ਦੀ ਧਰਤੀ ਉਪਰ ਹਨ । ਪਰ ਇਸ ਧਰਤੀ ਦੇ ਸਮਾਜ-ਪੱਖੀ ਹੋਣ ਬਾਰੇ ਵੀ ਕੋਈ ਸ਼ੰਕਾ ਨਹੀਂ ਹੋ ਸਕਦਾ।

ਨਾਮਦੇਵ ਨੂੰ ਕੇਵਲ ਆਪਣੇ ਨਿਜੀ ਉਧਾਰ ਦੀ ਹੀ ਲਗਨ ਨਹੀਂ ਸੀ। ਉਨ੍ਹਾਂ ਨੇ ਆਪਣੇ ਅਭੰਗਾਂ ਵਿਚ ਆਪਣੇ ਵਰਗੇ ਈਸ਼ਵਰ-ਭਗਤਾਂ ਦੀ ਸਮੂਹਕ ਚਰਚਾ ਕੀਤੀ ਹੈ ਅਤੇ ਉਨ੍ਹਾਂ ਦੇ ਸੁੱਖ ਨੂੰ ਆਪਣਾ ਸੁਖ ਜਾਣਿਆਂ ਹੈ। ਅਸਾਂ ਭਗਤਾਂ ਵਿਚ ਬਹੱਤਰ ਦੋਸ਼ ਹਨ। ਪਰ ਜਮ ਦਾ ਭੈ ਨਹੀਂ, ਅਜਿਹਾ ਦਸਦੇ ਹੋਏ ਨਾਮ ਦੇਵ ਕਹਿੰਦੇ ਹਨ :

ਪ੍ਰੀਤ ਨਾ ਹੋਣ ਕਾਰਣ ਰਾਜਾ ਕਾਂਤਾ ਨੂੰ ਵਰਜਦਾ ਹੈ
ਪਰ ਦੁਨੀਆਂ ਉਸਦੀ ਅਧੀਨਗੀ ਵਿਚ ਹੈ
ਉਂਞ ਅਸੀਂ ਦੰਭੀ ਤੁਹਾਡੇ ਭਗਤ ਹਾਂ
ਜਮਦੂਤ ਨੂੰ ਪੈਰਾਂ ਹੇਠ ਲਿਤਾੜਾਂਗੇ
ਦੇਖੋ, ਉਹ ਰਾਜਾ ਦਾ ਪੁਤਰ ਅਪਰਾਧੀ ਹੈ
ਉਸ ਹੋਰਾਂ ਨੂੰ ਕੀ ਦੰਡਿਤ ਕਰਨਾ ਹੈ ?
ਬਹੱਤਰ ਦੋਸ਼ ਦੇਵਤਿਆਂ ਦੇ ਕੰਠ ਵਿਚ ਹਨ
ਸਾਨੂੰ ਤਾਂ ਜਗਤ ਪਿਤਾ ਨਾਮਾ ਕਹਿੰਦੇ ਹਨ ॥ ੨੦੪੧ ॥

ਨਾਮ ਦੇਵ ਆਪੀਂ ਕੀਰਤਨ ਦੇ ਰੰਗ ਵਿਚ ਨੱਚੇ। ਸੰਸਾਰ ਵਿਚ ਉਨ੍ਹਾਂ ਨੇ ਗਿਆਨ ਦਾ ਦੀਪਕ ਜਗਾਇਆ। ਉਨ੍ਹਾਂ ਨੂੰ ਭਾਗਵਤ ਧਰਮ ਦਾ ਭੇਤ ਮਿਲ ਗਿਆ। 'ਹਰੀਦਾਸਾਂ ਵਿਚ ਤੂੰ ਵੱਖਰਾ । ਪ੍ਰੇਮ ਦਾ ਪੁਤਲਾ ਨਾਮਦੇਵ ਹੋਣ ਤੇ ਵੀ 'ਗਿਆਨ-ਦੇਵਤਾ ਕਹਿੰਦਾ ਹੈ ਤੂੰ, ਵਿਠੋਬਾ ਦਾ ਬਾਲਕ ਹੈ। ਨਾਮਦੇਵ ਤੂੰ ਸਾਡੇ ਉਪਰ ਮਿਹਰ ਕਰ, ਇਹ ਗੱਲ ਮਹਤਵਪੂਰਣ ਹੈ। ਨਾਮਦੇਵ ਬਾਰੇ ਗਿਆਨ ਦੇਵ ਅਜਿਹੀਆਂ ਭਾਵਨਾਵਾਂ ਵਿਅਕਤ ਕਰਦੇ ਹਨ, ਇਹ ਹਕੀਕਤ ਹੈ। ਸੰਤ-ਮੰਡਲੀ ਅਤੇ ਹਰੀ ਦੇ ਦਾਸਾਂ ਦੇ ਕਲਿਆਣ ਬਾਰੇ ਨਾਮਦੇਵ ਦੀ ਅਜਿਹੀ ਕਰੁਣਾ ਭਰਪੂਰ ਹੈ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ ਸੁਣੋ :

ਕਲਪਨਾ ਤੋਂ ਵਡੇਰੀ ਉਮਰ ਮਿਲੇ ਉਨ੍ਹਾਂ ਦੇ ਕੁਲ ਨੂੰ
ਮੇਰੇ ਸਾਰੇ ਹਰੀਦਾਸਾਂ ਨੂੰ
ਕੰਚਨ ਕਦੇ ਇਨ੍ਹਾਂ ਦਾ ਰਾਹ ਨਾ ਰੋਕੇ
ਇਹ ਸੰਤ ਮੰਡਲੀ ਸੁਖੀ ਰਹੇ ।
ਅਹੰਕਾਰ ਦੀ ਵਾਉ ਨਾ ਲਗੇ ਰਾਜਸਾਂ ਨੂੰ
ਮੇਰੇ ਭਾਵਿਕ ਵਿਸ਼ਨੂੰਦਾਸ ਨੂੰ
ਨਾਮਾ ਕਹਿੰਦਾ ਹੈ ਉਨ੍ਹਾਂ ਦਾ ਕਲਿਆਣ ਹੋਵੇ
ਜਿਨ੍ਹਾਂ ਦੇ ਮੁਖ ਵਿਚ ਪਾਂਡੂਰੰਗ ਦਾ ਵਿਧਾਨ ਹੈ

## ਕਵਿਤ੍ਵ ਅਤੇ ਵਿਅਕਤਿਤ੍ਵ

ਕਵਿਤਾਈ ਵਿਚ ਹੋਰ ਵੀ ਕਵਿਤਾਈ ਹੈ ।
ਪਰ ਪਤਾ ਨਹੀਂ ਨਾਮ ਦੇਵ ਦੀ ਕਵਿਤਾ ਦੀ ਕੀ ਵਿਸ਼ੇਸ਼ਤਾ ਹੈ
ਦੁੱਧ ਉਤਲੀ ਮਲਾਈ ਦੀ ਮੈਂ ਕੀ ਵਡਿਆਈ ਕਰਾਂ ?
ਉਸੇ ਤਰ੍ਹਾਂ ਦੇ ਗੀਤ ਗਾਉਂਦਾ ਹੈ ਨਾਮਦੇਵ
—ਪਰਸਾ ਭਾਗਵਤ

ਗਿਆਨਦੇਵ ਦਾ ਆਦਰਸ਼ ਸੀ 'ਇਸ ਮਰਾਠੀ ਦੀ ਨਗਰੀ ਵਿਚ ਬ੍ਰਹਮ-ਵਿਦਿਆ ਨੂੰ ਬਹੁਤ ਵਧਾਵਾਂ ।' ਪਰ ਕੇਵਲ ਮਰਾਠੀ ਦੀ ਨਗਰੀ ਵਿਚ ਹੀ ਨਹੀਂ ਸਗੋਂ ਉਸ ਤੋਂ ਬਾਹਰ ਵੀ ਬ੍ਰਹਮ-ਵਿਦਿਆ ਪੁਚਾ ਕੇ ਉਸਨੂੰ ਫੈਲਾਉਣ ਦਾ ਕਾਰਜ ਮਰਾਠੀ ਸੰਤਾਂ ਵਿਚ ਇਤਨੇ ਵਡੇ ਪੈਮਾਨੇ ਉਪਰ ਕੇਵਲ ਨਾਮਦੇਵ ਨੇ ਕੀਤਾ । ਇਹ ਕਹਿਣਾ ਵਾਸਤਵਿਕ ਹੀ ਹੋਵੇਗਾ । 'ਬਾਣੀ ਵਿਚ ਕਵਿਤ੍ਵ ਉੱਤਮ ਹੈ । ਕਵਿਤ੍ਵ ਵਿਚ ਉਤਮ ਹੈ ਰਸਿਕਤਾ । ਅਤੇ ਰਸਿਕਤਾ ਵਿਚ ਵੀ ਪਰਤੱਤ ਦੀ ਛੁਹ ਜਿਹੀ ਹੋਵੇ, 'ਇਸ ਤਰ੍ਹਾਂ ਨਾਲ ਗਿਆਨੇ-ਸ਼ਵਰ ਦੀ ਕ੍ਰਾਂਤਦਰਸ਼ੀ ਪ੍ਰਤਿਭਾ ਨੂੰ ਪਰਤੱਤ ਦੀ ਛੁਹ ਮਿਲੀ ਸੀ, ਇਸ ਵਿਚ ਕੋਈ ਸ਼ੰਕਾ ਨਹੀਂ ਪਰ :

ਪਰਤੱਤ ਅੱਖਾਂ ਨੂੰ ਨਜ਼ਰ ਆਵੇ
ਸੁਖ ਦਾ ਉਤਸਵ ਦੇਖੀਏ
ਮਹਾਬੋਧ ਦੀ ਅਮੀਰੀ ਵਿਚ
ਸੰਸਾਰ ਪ੍ਰਫੁਲਤ ਹੋਵੇ
(ਗਿਆਨੇਸ਼ਵਰੀ ੧੩-੧੭੩)

ਇਸ ਤਰ੍ਹਾਂ ਗਿਆਨਦੇਵ ਦੀ ਨੇ ਜੋ ਘੋਲ ਕਰ ਦਿਤੀ ਸੀ, ਉਸਦੀ ਕਸਰ ਨਾਮਦੇਵ ਨੇ ਕਢ ਦਿੱਤੀ । ਨਾਮਦੇਵ ਦੀ ਕਵਿਤਾ ਨੂੰ ਪਰਤੱਤ ਦਾ ਮੂਰਤੀਮਾਨ ਸਾਖਿਆਤਕਾਰ ਮਿਲਿਆ ਸੀ । ਪੰਢਰ ਪੁਰ ਦੇ ਮੰਦਰ ਵਿਚ ਇੱਟਾਂ ਉੱਪਰ ਖਲੋਤੇ ਪਰਤੱਤ ਨੂੰ ਉਨ੍ਹਾਂ ਨੇ

ਆਪਣੀਆਂ ਅੱਖਾਂ ਨਾਲ ਪ੍ਰਤੱਖ ਵੇਖਿਆ ਸੀ। ਉਨ੍ਹਾਂ ਦੇ ਦਰਸ਼ਨ ਨੇ ਸੁਖ ਦੇ ਉਤਸਵ ਦਾ ਅਨੁਭਵ ਕੀਤਾ ਸੀ। ਇਸੇ ਕਾਰਣ ਸਾਰੇ ਵਿਸ਼ਵ ਨੂੰ 'ਮਹਾਬੋਧ ਦੀ ਅਮੀਰੀ ਵਿਚ' ਦਾਖਲ ਕਰਾ ਦੇਣ ਦਾ ਕਾਰਜ ਉਨ੍ਹਾਂ ਹੀ ਕੀਤਾ।

'ਸ਼ਾਂਤ ਰਸ ਦੇ ਘਰ ਅਦਭੁਤ ਰਸ ਪ੍ਰਾਹੁਣਾ ਬਣਾ ਕੇ ਆਇਆ।' ਇਹ ਗਿਆਨ ਦੇਵ ਦੀ ਹਾਲਤ ਹੈ। ਪਰੰਤੂ ਆਪ ਗਿਆਨੇਸ਼ਵਰ ਦੇ ਸ਼ਬਦਾਂ ਵਿਚ ਆਖਿਆ ਜਾਵੇ ਤਾਂ 'ਨਾਮਦੇਵ ਦਾ ਬੋਲਣਾ ਕਵਿਤੂ ਨਹੀਂ ਹੈ। ਇਹ ਤਾਂ ਨਿਰੋਲ ਅਦਭੁਤ ਰਸ ਹੈ। ਨਾਮਦੇਵ ਦੀ ਬਾਣੀ ਵਿਚ ਕੇਵਲ ਅਦਭੁਤ ਰਸ ਹੀ ਸਭ ਥਾਈਂ ਸਮਾਇਆ ਹੋਇਆ ਹੈ। ਇਤਨਾ ਹੀ ਨਹੀਂ ਸਗੋਂ ਗਿਆਨੇਸ਼ਵਰੀ ਵਿਚ ਅਤੇ ਗਿਆਨਦੇਵ ਦੇ ਅਭੰਗਾਂ ਵਿਚ ਜਿਹੜਾ ਭਗਤੀ ਰਸ ਦਾ ਖਜਾਨਾ ਭਰਿਆ ਹੋਇਆ ਹੈ ਉਹ ਹੁਣ ਨਾਮ ਦੇਵ ਦੀ ਅਭੰਗ ਨਦੀ ਦੇ ਦੋਹਾਂ ਕੰਢਿਆਂ ਵਿਚ ਹੜ ਬਣ ਕੇ ਵਗ ਰਿਹਾ ਹੈ। ਸ਼ਾਂਤ, ਅਦਭੁਤ ਅਤੇ ਕਰੁਣਾ-ਰਸ ਨਾਲ ਭਿੱਜੀ ਹੋਈ ਨਾਮਦੇਵ ਦੀ ਕਵਿਤਾ ਭਗਤੀ ਰਸ ਵਿਚ ਨਹਾ ਉਠੀ ਹੈ।

## ਗਿਆਨ ਅਤੇ ਨਾਮ

ਗੰਗਾ ਅਤੇ ਜਮਨਾ ਦੋ ਵੱਖੋ ਵਖ ਵਗਦੀਆਂ ਨਦੀਆਂ ਅੰਤ ਵਿਚ ਪ੍ਰਯਾਗ ਦੇ ਨੇੜੇ ਇਕਦੂਸਰੀ ਵਿਚ ਸਮਾ ਜਾਂਦੀਆਂ ਹਨ। ਉਸੇ ਤਰ੍ਹਾਂ ਗਿਆਨੇਸ਼ਵਰ ਦੀ ਗਿਆਨ-ਭਗਤੀ ਅਤੇ ਨਾਮ ਦੇਵ ਦੀ ਨਾਮ-ਭਗਤੀ ਇਕਮਿਕ ਹੋਕੇ ਮਰਾਠੀ-ਕਾਵਿ ਨਦੀ ਨੂੰ ਪਵਿਤੱਰ ਕਰਦੀਆਂ ਹਨ।

ਅਸਲ ਵਿਚ ਗਿਆਨ ਅਤੇ ਨਾਮ ਦੇ ਇਕੱਤਰ ਹੋਣ ਨਾਲ ਦੂਈ ਦਾ ਭਾਵ ਨਹੀਂ ਰਹਿੰਦਾ। ਉਸੇ ਰੂਪ ਵਿਚ 'ਨਾਮਦੇਵ ਨੂੰ ਮਿਲਣ ਗਿਆਨਦੇਵ ਆਏ। ਨਾਮ-ਦੇਵ ਨੇ ਡੰਡੌਤ ਪ੍ਰਣਾਮ ਕੀਤਾ, ਅਤੇ 'ਉਹ ਤੁਸਾਂ ਸਾਡੇ ਸਾਮਣੇ ਲਿਆ ਖੜ੍ਹਾ ਕੀਤਾ। ਚਰਣਾਂ ਵਿਚ ਲਿਪਟ ਗਿਆ ਗਿਆਨ ਦੇਵ, ਉਨ੍ਹਾਂ ਵਿਚਕਾਰ ਅਜਿਹੀ ਆਦਰ ਸਤਿਕਾਰ ਦੀ ਭਾਵਨਾ ਸੀ। ਆਪਣੀ ਪ੍ਰਤਿਭਾ ਨਾਲ ਚਮਕਣ ਵਾਲੇ ਇਕੋ ਜਿਹੀ ਯੋਗਤਾ ਵਾਲੇ ਇਨ੍ਹਾਂ ਦੋ ਸ੍ਰੇਸ਼ਟ ਕਵੀਆਂ ਵਿਚ ਦੁਫਾੜ ਪਾਕੇ 'ਭੇਦ ਬੁਧੀ ਦੀ ਤਕੜੀ ਉਪਰ ਤੋਲਿਆ ਜਾਂਦਾ ਹੈ ਅਤੇ 'ਸਲੇਸ਼ (ਦੋ ਅਰਥੇ ਸਬਦ) ਦੀਆਂ ਕੰਡਿਆਲੀਆਂ ਤਾਰਾਂ' ਲਾਈਆਂ ਜਾਂਦੀਆਂ ਹਨ ਜੋ ਸਰਾਸਰ ਗਲਤ ਹੈ। ਨਾਮਦੇਵ ਨੇ ਗਿਆਨ ਦੇਣ ਪਾਸੋਂ ਜੋ ਰਿਣ ਲਿਆ ਸੀ ਉਸਦੇ ਲਈ ਉਨ੍ਹਾਂ ਨੇ ਆਪਣੀਆਂ ਅਨੇਕਾਂ ਅਭੰਗਾਂ ਵਿਚ ਖੁਲ੍ਹੇ ਦਿਲ ਨਾਲ ਕਿਤੱਗਤਾ ਪ੍ਰਗਟ ਕੀਤੀ ਹੈ। ਉਨ੍ਹਾਂ ਵਿਚ ਪ੍ਰਸਿੱਧ ਅਭੰਗ ਹੈ :

ਮੇਰੇ ਗਿਆਨਰਾਜ ਜੋਗੀਆਂ ਦੀ ਮਾਤਾ ਹਨ
ਜਿਨ੍ਹਾਂ ਨੇ ਨਿਗਮ-ਵੇਲ ਪ੍ਰਗਟ ਕੀਤੀ
ਗੀਤਾ ਅਲੰਕਾਰ ਨਾਮ ਗਿਆਨੇਸ਼ਵਰੀ ਹੈ

ਬ੍ਰਹਮ ਆਨੰਦ ਲਹਿਰੀ ਪ੍ਰਗਟ ਕੀਤੀ
ਅਧਿਆਤਮ ਵਿਦਿਆ ਦਾ ਰੂਪ ਲਾਇਆ
ਚੇਤਨਾ ਦਾ ਦੀਵਾ ਬਾਲਿਆ
ਛਪੰਜਾ ਭਾਖਾਵਾਂ ਦਾ ਗੌਰਵ ਵਧਾਇਆ
ਭਵਸਾਗਰ ਵਿਚ ਨਾਮ ਉਬਾਰੀ
ਸੁਣਨ ਦੇ ਬਹਾਨੇ ਆ ਕੇ ਬੈਠਣ ਉੱਤੇ
ਸਾਮਰਾਜ ਭਵਨ ਵਿਚ ਸੁਖੀ ਵਸਦਾ ਹੈ
ਨਾਮਦੇਵ ਕਹਿੰਦਾ ਹੈ ਸ੍ਰੇਸ਼ਠ ਗ੍ਰੰਥ ਗਿਆਨ ਦੇਵੀ ਹੈ ।
ਇਕ 'ਓਵੀ' (ਛੰਦ) ਘਟ ਤੋਂ ਘਟ ਅਨੁਭਵ ਵਿਚ ਲਿਆਓ ॥ ੬੯੯ ॥

(ਗਾਥਾ ਪੰਚਕ)

ਇਸ ਅਭੰਗ ਵਿਚ ਨਾਮਦੇਵ ਨੇ ਭਗਵਤ-ਗੀਤਾ ਦੇ ਬਾਰੇ ਅਤੇ ਗਿਆਨੇਸ਼ਵਰੀ ਦੇ ਬਾਰੇ ਜੋ ਜਾਣਕਾਰੀ ਦਿਖਾਈ ਹੈ ਉਹ ਉਨ੍ਹਾਂ ਦੀ ਸੂਖਮ ਦ੍ਰਿਸ਼ਟੀ ਦਾ ਸਬੂਤ ਹੈ । ਇਕ ਦੂਸਰੇ ਅਭੰਗ ਵਿਚ ਨਾਮਦੇਵ ਕਹਿੰਦੇ ਹਨ :

ਗਿਆਨ ਦੇਵ ਨੂੰ ਅਖੀਂ ਵੇਖਿਆ
ਨਾਮ ਦੇਵ ਨੂੰ ਪ੍ਰਸੰਨਤਾ ਹੋਈ
ਪੈਰ ਦ੍ਰਿੜ੍ਹਤਾ ਨਾਲ ਪਕੜੇ
ਤੂੰ ਤਾਂ ਸਤਿਗੁਰੂਰਾਜ ਬਣਿਆ
ਮੈਨੂੰ ਇਸ ਤਰ੍ਹਾਂ ਅਸਵੀਕਾਰ ਨਾ ਕਰੋ
ਮੈਨੂੰ ਦੂਰ ਨਾ ਕਰੋ ।
ਸਦਾ ਮਨ ਵਿਚ ਯਾਦ ਆਉਂਦੀ ਹੈ
ਤੇਰੀ ਭਗਤੀ ਦੀ ਕਲਪਨਾ ॥ ੨੬੪ ॥

ਭਗਤੀ ਸੰਬੰਧੀ ਅਭੰਗ-ਰਚਨਾ ਦੇ ਪ੍ਰਸੰਗ ਵਿਚ ਉਨ੍ਹਾਂ ਨੂੰ ਗਿਆਨੇਸ਼ਵਰ ਦੀ ਭਗਤੀ ਦੀ ਕਲਪਨਾ ਸਦਾ ਯਾਦ ਆਉਂਦੀ ਹੈ ਅਤੇ ਉਹ ਆਪਣੇ ਸਤਿਗੁਰੂਰਾਜ ਹਨ, ਅਜਿਹਾ ਨਾਮ ਦੇਵ ਨੇ ਨਿਮਰਤਾ ਨਾਲ ਕਿਹਾਹੈ ਕਿਉਂਕਿ ਗਿਆਨਦੇਵ ਨੇ ਨਾਮਦੇਵ ਦੇ ਬਾਰੇ ਕਿਹਾ ਹੈ, 'ਪੰਢਰੀ ਰਾਮਾ ਦਾ ਤੂੰ ਪ੍ਰੇਮ ਭੰਡਾਰੀ ਹੈ 'ਭਗਤ ਭਾਗਵਤ ਬਹੁਤ ਸੁਣੇ । ਬਹੁਤੇ ਹੋ ਚੁਕੇ ਬਹੁਤੇ ਹੋਰ ਵੀ ਹੋਣਗੇ' । ਪਰ ਨਾਮ ਦੇਵ ਤਾਂ 'ਕੇਵਲ ਪ੍ਰੇਮ ਦਾ ਪੁਤਲਾ' ਹੈ ਅੰਤ-ਰੰਗ ਦਾ ਭਗਤ ਹੈ, ਇਸ ਤਰ੍ਹਾਂ ਦੇ ਪ੍ਰਸ਼ੰਸਾ ਭਰੇ ਉਦਗਾਰ ਪ੍ਰਗਟ ਕੀਤੇ ਹਨ । ਇਹ ਸਭ ਧਿਆਨ ਵਿਚ ਰਖਣ ਤੇ ਨਾਮਦੇਵ ਦੀ ਰਚਣਾ ਦਾ ਯਥਾਰਥ ਮੁਲ ਮਾਪਿਆ ਜਾ ਸਕਦਾ ਹੈ ।

ਨਾਮ ਦੇਵ ਨੂੰ ਕਾਵਿ-ਰਚਨਾ ਦਾ ਫੁਰਣਾ ਕਿਵੇਂ ਹੋਇਆ, ਇਸ ਬਾਰੇ ਵਿਚ ਉਹਨਾਂ ਨੇ ਆਪਣੇ ਇਕ ਜੀਵਨ ਕਥਾਤਮਕ ਅਭੰਗ ਵਿਚ ਇਵੇਂ ਸੰਕੇਤ ਕੀਤਾ ਹੈ :

ਚੰਦਰਭਾਗਾ ਦੇ ਕੰਢੇ ਕਹਾਣੀਆਂ ਸੁਣੀਆਂ ਹਨ
ਬਾਲਮੀਕੀ ਨੇ ਸ਼ਟਕੋਟੀ ਗ੍ਰੰਥ ਬਣਾਇਆ
ਮੇਰੇ ਚਿਤ ਵਿਚ ਬਹੁਤ ਕਲੇਸ਼ ਹੋਇਆ
ਮੈਂ ਆਪਣੀ ਉਮਰ ਬੇਕਾਰ ਗੁਆਈ
ਜਾ ਕੇ ਮੰਦਰ ਵਿਚ ਵਿਠੋਬਾ ਨੂੰ ਬੇਨਤੀ ਕੀਤੀ
ਬਾਲਮੀਕੀ ਨੇ ਰਮਾਇਣ ਬਣਾਈ
ਜੇ ਮੈਂ ਤੁਹਾਡਾ ਸੱਚਾ ਭਗਤ ਹਾਂ
ਤਾਂ ਮੇਰਾ ਇਹ ਪ੍ਰਣ ਸਿੱਧ ਕਰੋ
ਤੁਹਾਡੀ ਪ੍ਰਸੰਸਾ ਵਿਚ ਮੈਂ ਸ਼ਤ-ਕੋਟੀ ਅਭੰਗ ਰਚਾਂਗਾ
ਪਾਂਡੂਰੰਗ ਨੂੰ ਸੁਣਾਵਾਂਗਾ
ਨਾਮਾ ਕਹਿੰਦਾ ਹੈ
(ਬਾਲਮੀਕੀ ਦੇ) ਸਮੇਂ ਵਿਚ ਲੰਮੀ ਉਮਰਾ ਹੋਇਆ ਕਰਦਾ ਸੀ
ਅਜ ਕਲ ਉਮਰਾ ਦਾ ਸਮਾਂ ਘਟ ਰਿਹਾ ਹੈ
ਨਾਮਾ ਕਹਿੰਦਾ ਹੈ ਜੇ ਪ੍ਰਤਿਗਿਆ ਪੂਰੀ ਨਾ ਹੋਈ
ਤਾਂ ਤੁਹਾਡੇ ਅਗੇ ਜੀਭ ਉਤਾਰ ਕੇ ਰਖ ਦਿਆਂਗਾ ॥ ੧੧੨੭ ॥

ਨਾਮ ਦੇਵ ਦੀ ਇਹ ਭੀਸ਼ਮ ਪ੍ਰਤਿਗਿਆ ਸੁਣ ਕੇ ਪ੍ਰਤੱਖ. ਪਾਂਡੂਰੰਗ ਨੇ ਖੁਦ ਵਹੀਆਂ ਬੰਨ੍ਹਵਾ ਕੇ ਮੰਗਵਾਈਆਂ ਅਤੇ ਆਪ ਅਭੰਗ ਲਿਖੇ, ਇਉਂ ਖੁਦ ਲਿਖਿਆ ਹੈ। ਸ਼ਟ-ਕੋਟੀ ਅਭੰਗ ਰਚਨਾ ਦਾ 'ਸ਼ਤ-ਕੋਟੀ ਉਰਫ ਸ਼ੀਘਰ-ਕਵਿਤਾ' ਇਉਂ ਅਚਾਰੀਆ ਵਿਨੋਬਾ ਭਾਵੇ ਨੇ ਅਰਥ ਕੀਤਾ ਹੈ।

ਨਾਮਦੇਵ ਕਹਿੰਦੇ ਹਨ ਕਿ ਉਹਨਾਂ ਨੂੰ ਹਰਿ-ਕਿਰਪਾ ਨਾਲ ਅਭੰਗ ਵ੍ਰਿਤ ਲਛਣਾਂ ਦਾ ਸੁਫਨਾ ਦਿਖਾਈ ਦਿਤਾ ਅਤੇ ਆਪਣੇ ਗੁਰੂ ਵਿਸੋਬਾ ਖੇਚਰ ਨੇ ਪ੍ਰੇਮ ਨਾਲ ਆਗਿਆ ਕੀਤੀ, ਇਉਂ ਨਾਮਦੇਵ ਕਹਿੰਦੇ ਹਨ। ਇਹ ਅਭੰਗ-ਰਚਨਾ ਉਹਨਾਂ ਅਭੰਗਾਂ ਦੇ ਆਧਾਰ ਤੇ ਕੀਤੀ। ਭਾਵ 'ਅਭੰਗ' ਨਾਮਕ ਛੰਦ ਦਾ ਲੱਛਣ ਉਹਨਾਂ ਨੂੰ ਪਤਾ ਸੀ, ਇਹ ਸਪਸ਼ਟ ਹੁੰਦਾ ਹੈ :

ਅਭੰਗ ਦਾ ਰੂਪ ਮੈਂ ਨਹੀਂ ਜਾਣਦਾ

ਛੇਤੀ ਹੀ ਪ੍ਰੇਮ ਕੀਤਾ ਕੇਸ਼ਿਰਾਜ ਨੇ
ਅੱਖਰਾਂ ਦੀ ਗਿਣਤੀ ਬਹੁਤ ਕਹਿੰਦੇ ਨੇ
ਮੇਰੂ ਸੁਪ੍ਰਚੰਡ ਸ਼ਰ ਆਦਿ
ਛੇ ਦਾੜੇ ਤਿੰਨ ਚਰਣ ਜਾਣੋ ।
ਅੱਖਰ ਗਿਣੋ ਚਾਰ ਚੌਕ
ਪਹਿਲੇ ਤੋਂ ਤੀਜੇ ਤਕ
ਅਠਰਿਾਂ ਗਣਿਤ ਗਿਣੋਂ
ਚਾਰ ਚੌਕ ਪਹਿਲਾ 'ਮਾਤ੍ਰਿਕਾ' ਕਹਾਉਂਦੇ ਨੇ
ਬਾਈ ਦੀ ਗਿਣਤੀ ਆਖਰੀ ਹੈ
ਡੇਢ ਚਰਣ ਦਾ ਦੀਰਘ ਹੈ ਅੱਖਰ
ਮੋਖਾਰਥੀ ਨੇ ਵਿਚਾਰ ਬੋਧ ਕੀਤਾ
ਨਾਮਾ ਕਹਿੰਦੇ ਹਨ ਮੈਨੂੰ ਸੁਪਨੇ 'ਚ ਹਰੀ ਨੇ ਦਰਸ਼ਨ ਦਿਤਾ
ਪਿਆਰ ਨਾਲ ਖੇਚਰ ਨੇ ਆਗਿਆ ਦਿੱਤੀ ।।੧੧੨੯ ।।

## ਸ਼ਾਸਤਰ-ਗਿਆਨ ਬੇਕਾਰ ਹੈ

ਨਾਮਦੇਵ ਨੇ ਕਿਹਾ ਹੈ ਕਿ ਮੈਨੂੰ ਅਭੰਗ ਦਾ ਗਿਆਨ ਨਹੀਂ ਫਿਰ ਵੀ ਜਿਵੇਂ ਉਹਨਾਂ ਨੂੰ ਭਾਗਵਤ ਧਰਮ ਦਾ ਰਹਸ ਪਤਾ ਸੀ ਉਵੇਂ ਹੀ ਅਭੰਗਬਾਣੀ ਦਾ ਵੀ ਭੇਤ ਮਾਲੂਮ ਸੀ ਇਕ ਦੂਜੀ ਥਾਂ ਤੇ ਉਨ੍ਹਾਂ ਨੇ ਕਿਹਾ, "ਮੈਨੂੰ ਕਲਾਵਾਨਾਂ ਦੀ ਕਲਾ ਚਤੁਰਾਈ ਸਮਝ'ਚ ਨਹੀਂ ਆਉਂਦੀ ।" 'ਪ੍ਰੇਮ ਦਾ ਜਵਾਰ ਜਦੋਂ ਵੀ ਬਦਨ 'ਚ ਉਠਦਾ ਹੈ ਤਾਂ ਜਿਸ ਛੰਦ ਤੇ ਮੈਂ ਨਚਦਾ ਹਾਂ ਉਸੇ ਵਿਚ ਹੀ ਰੰਗ ਜਾਂਦਾ ਹਾਂ।' ਇਹ ਉਦਗਾਰ ਉਨ੍ਹਾਂ ਪ੍ਰਗਟਾਏ ਹਨ ਜੋ ਦਿਲ ਨੂੰ ਚੀਰ ਜਾਂਦੇ ਹਨ (੧੭੭੭) । ਇਕ ਦੂਜੇ ਅਭੰਗ ਵਿਚ ਉਹ ਕਹਿੰਦੇ ਹਨ :

ਪ੍ਰੇਮ ਦਾ ਉਨਮਾਦ ਅੰਗਾ 'ਚ ਫੈਲਿਆ ਹੈ।
ਗੀਤ ਦੇ ਨਾਲ ਮੈਂ ਰੰਗ ਵਿਚ ਨਚਦਾ ਹਾਂ
ਕਿਸ ਵੇਲੇ ਕੀ ਗਾਂਵਿਆ ਜਾਏ
ਇਹ ਤੇ, ਭਗਵਾਨ, ਮੈਂ ਨਹੀਂ ਜਾਣਦਾ
ਹਵਾ ਜਿਵੇਂ ਜਦੋਂ ਚਾਹੇ ਵਜਦੀ ਹੈ
ਉਵੇਂ ਹੀ ਮੇਰਾ ਰੰਗ-ਪਰਛਾਵਾਂ ਹੈ
ਖੜਤਾਲ ਮ੍ਰਿਦੰਗ ਦੱਖਣ ਵਲ
ਅਸੀਂ ਤਾਂ ਪੱਛਮ ਵਲ

ਤਤਲੀ ਬੋਲੀ ਬੋਲਾਂ
ਤਾਂ ਉਹ ਮਾਂ ਨੂੰ ਪਸੰਦ ਹੈ
ਨਾਮਦੇਵ ਆਖਦੇ ਨੇ, ਹੇ ਦੇਵ
ਜਨਮ ਜਨਮ ਤਕ ਸੇਵਾ ਬਖ਼ਸ਼ੋ

ਈਸ਼ਵਰ ਦੀ ਪ੍ਰਾਪਤੀ ਲਈ ਉਸ ਦੀ ਲੌ ਲਗਣੀ ਚਾਹੀਦੀ ਹੈ । ਉਸ ਲਈ ਪੁਸਤਕੀ-ਪਾਠ ਦੇ ਗਿਆਨ ਦੀ ਕੋਈ ਜ਼ਰੂਰਤ ਨਹੀਂ ਅਤੇ ਨਾ ਹੀ ਗਰੰਥਾਂ ਦੇ ਭਾਰ ਚੁਕਣੇ ਪੈਂਦੇ ਨੇ । ਸਾਰਿਆਂ ਲਈ ਸਮਾਨ ਭਾਵ ਨਾਲ ਦਯਾ ਰਖ ਕੇ ਈਸ਼ਵਰ ਦੀ ਭਾਉ-ਭਗਤੀ ਕਰਨੀ ਹੀ ਕਾਫ਼ੀ ਹੈ । ਨਾਮਦੇਵ ਨੂੰ ਇਸ ਗਲ ਦੀ ਪੂਰੀ ਚੇਤਨਾ ਹੈ :

ਨਹੀਂ ਪੋਂਹਦਾ ਕਥਾ ਸ਼ਾਸਤ੍ਰ-ਗਿਆਨ ਆਦਿ
ਗ੍ਰੰਥਾਂ ਦੇ ਭਾਰ ਬੇਕਾਰ ਹਨ
ਹਰਿ ਹਰਿ ਭਜਨ ਜਨ ਵਿਚ ਜਨਾਰਦਨ
ਸਭ ਥਾਈਂ ਇਕੋ ਜੇਹੀ ਪ੍ਰਾਣੀ-ਦਯਾ
ਭਾਉ ਨਾਲ ਭਜਨ ਕਰੋ, ਹਰੀ ਦੀ ਪੂਜਾ ਕਰੋ
ਨਿੱਤ ਸੇਵੋ ਰਾਮ ਨਾਮ
ਨਾਮਾ ਕਹਿੰਦਾ ਹੈ ਮੈਨੂੰ ਬਹੁਤ ਮਿੱਠਾ ਨਹੀਂ ਚਾਹੀਦਾ
ਵਿੱਠਲ ਦੀ ਲੋ ਕਾਫ਼ੀ ਹੈ ॥ ੭੯੨ ॥

ਏਨਾ ਹੀ ਨਹੀਂ, ਭਗਤੀ ਤੋਂ ਬਗ਼ੈਰ ਗਿਆਨ ਬੇਅਰਥ ਹੈ । 'ਨਹੀਂ ਜਿਸ ਦੇ ਚਿਤ ਵਿਚ ਭਗਤੀ ਉਸ ਦਾ ਪੁਸਤਕ-ਗਿਆਨ ਸੜ ਜਾਵੇ (੭੭੪੫) ਅਜੇਹਾ ਵੀ ਉਹਨਾਂ ਸਪਸ਼ਟ ਕੀਤਾ ਹੈ । 'ਵਿਅਰਥ ਹੈ ਸ਼ਾਸ਼ਤਰ-ਗਿਆਨ ਵਿਸ਼ਿਆਂ ਦੀ ਤ੍ਰਿਪਤੀ ਵਿਚ ਉਹ ਕਿਸ ਕੰਮ ਦਾ ? (੧੬੧੩)ਇਸ ਤਰ੍ਹਾਂ ਉਨ੍ਹਾਂ ਪੁਸਤਕ-ਗਿਆਨ ਨੂੰ ਬੇਅਰਥ ਦਸਿਆ ਹੈ ।

ਉਹ ਪਿਆਰਾ ਰੂਪ ਨਹੀਂ ਜਾਣਦਾ, ਝੱਲਿਆ
ਜਨਮ ਲਿਆ ਹੈ, ਤੂੰ ਬੁਝਣੀ ਹੈ ਬੁਝਾਰਤ
ਸੋਭਾ ਮੈਂ ਸੁਣੀ ਹੈ ਬਹੁਤਿਆਂ ਦੇ ਮੂੰਹੋਂ
ਸ਼ਰਣਾ-ਗਤ ਹੋ ਕੇ ਬਹੁਤ ਉਸਤਤਿ ਕੀਤੀ
ਨਾਮਾ ਕਹਿੰਦਾ ਹੈ ਮੈਨੂੰ ਛੇਤੀ ਹੀ ਤਾਰ ਲੈ
ਅਨਾਥ ਸਾਂ, ਇਸ ਲਈ ਸ਼ਰਣ ਵਿਚ ਆਇਆ

ਮੈਂ ਭੋਲਾ ਭਾਲਾ ਹਾਂ । ਮੈਨੂੰ ਕੁਝ ਵੀ ਸੁਝਦਾ । ਮੈਂ ਤਾਂ ਜਨਮ ਲੈ ਕੇ ਤੈਨੂੰ ਸੰਕਟ

ਵਿਚ ਪਾਇਆ ਹੈ। ਪਰ ਬਹੁਤਿਆਂ ਦੇ ਮੂੰਹੋਂ ਤੇਰੀ ਉਸਤਤਿ ਸੁਣੀ ਹੈ। ਤੂੰ ਹੀ ਮੇਰਾ ਉਧਾਰ ਕਰੇਂਗਾ, ਇਸ ਲਈ ਮੈਂ ਤੇਰੀ ਸ਼ਰਣ ਆਇਆ ਹਾਂ। ਉਹਨਾਂ ਪੁਸਤਕ ਗਿਆਨ ਦੀ ਬੇਅਰਥਤਾ ਸਿੱਧ ਕੀਤੀ, ਪਰੰਪਰਕ ਪੱਧਤੀ ਅਨੁਸਾਰ ਸਾਸ਼ਤਰ-ਅਧਿਆਨ ਉਹਨਾਂ ਨਹੀਂ ਕੀਤਾ। ਤਾਂ ਵੀ ਆਭੰਗ ਰਚਨਾ ਦਾ ਰਹੱਸ ਉਹਨਾਂ ਨੂੰ ਪਤਾ ਸੀ :

ਕਰ ਲਉ ਵੇਦਾਂ ਦਾ ਅਧਿਅਨ, ਸਿਖ ਲਉ ਜੋਤਿਸ਼
ਨਾਮ ਦਾ ਤਾਂ ਲੇਸ਼ ਮਾਤਰ ਵੀ ਹਥ ਨਹੀਂ ਆਉਂਦਾਂ
ਬਹੁਤ ਪੁਸਤਕ-ਗਿਆਨ ਪੁਰਾਣ
ਬੇਅਰਥ ਹੈ ਜੇ ਸਿਮਰਣ ਨਾ ਹੋਵੇ ਨਾਮ ਦਾ

ਇਸ ਤਰ੍ਹਾਂ ਪੁਸਤਕ-ਗਿਆਨ ਬੇਕਾਰ ਹੈ, ਅਜਿਹਾ ਕਹਿਣ ਤੇ ਵੀ ਆਪਣੀ ਸਾਧਕ-ਅਵਸਥਾ ਵਿਚ ਨਾਮਦੇਵ ਨੇ ਆਪਣੀ ਜਿਗਿਆਸਾ ਨੂੰ ਜਗਾਈ ਰਖਿਆ। ਕਿਸੇ ਵੀ ਸ੍ਰੇਸ਼ਠ ਗਿਆਨ ਦਾ ਸੋਮਾ ਤਾਂ ਫੁਟਦਾ ਹੈ ਜੇ ਜਿਗਿਆਸਾ ਨੂੰ ਤ੍ਰਿਪਤ ਕਰਨ ਲਈ ਪ੍ਰਿੱਛਾਬਿਰਤੀ ਨੂੰ ਅੰਗੀਕਾਰ ਕੀਤਾ ਜਾਵੇ। ਪੁਸਤਕ-ਗਿਆਨ ਦੀ ਬੇਅਰਥਤਾ ਵੀ ਓਨੀ ਦੇਰ ਸਮਝ ਵਿਚ ਨਹੀਂ ਆਉਂਦੀ ਜਿੰਨ੍ਹੀ ਦੇਰ ਪ੍ਰਿੱਛਾਬਿਰਤੀ ਮਨ ਵਿਚ ਨਾ ਜਾਗੇ।

## ਨਾਮਦੇਵ ਦੇ ਕਾਵਿ ਦੇ ਪ੍ਰੇਰਣਾ-ਸਰੋਤ

ਇਹ ਪ੍ਰਿੱਛਾਬਿਰਤੀ ਨਾਮਦੇਵ ਵਿਚ ਕਿੰਨ੍ਹੀ ਪ੍ਰਚੰਡ ਸੀ ਅਤੇ ਉਹਨਾਂ ਦੀ ਕਵਿੱਤ-ਰਚਨਾ ਦਾ ਪ੍ਰੇਰਣਾ ਸਰੋਤ ਕਿਹੜਾ ਕਿਹੜਾ ਸੀ ਇਹ ਸਮਝਣ ਲਈ ਉਨ੍ਹਾਂ ਦੀ ਹੇਠ ਲਿਖਿਆ ਅਭੰਗ ਵਾਚਣਾ ਚਾਹੀਦਾ ਹੈ :

ਤਤ ਪੁੱਛਣ ਗਿਆ ਵੇਦ ਗਿਆਨੀਆਂ ਤੋਂ
ਤਾਂ ਉਥੇ ਮਿਲੇ ਕਿੰਨੇ ਸਾਰੇ ਵਿਧੀ ਤੇ ਨਿਸ਼ੇਧ
ਉਹਨਾਂ ਨਾਲ ਕਦੀ ਵੀ ਮਨ ਦਾ ਸਮਾਧਾਨ ਨਾ ਹੋਇਆ
ਉਥੇ ਤਾਂ ਹੰਕਾਰ ਬਲਵਾਨ ਹੋ ਗਿਆ
ਇਸ ਲਈ ਮੈਂ ਨਾਮ ਨੂੰ ਫੜ ਲਿਆ ਹਰ ਭਾਵ ਨਾਲ
ਉਚਿਤ ਕਰੋ, ਹੇ ਪਾਂਡੂਰੰਗ
ਸੂਰਪ ਪੁੱਛਣ ਗਿਆ ਸ਼ਾਸਤਰ-ਗਿਆਨੀਆਂ ਤੋਂ
ਤਾਂ ਓਥੇ ਮਿਲੇ ਭੇਦ ਅਤੇ ਅਭੇਦ
ਇਕ ਇਕ ਮਤਮਤਾਂਤਰ ਕੋਲੋਂ ਪੁੱਛਿਆ

ਭਟਕੇ ਹੋਏ ਗਰਬ ਦੇ ਢੇਰ ਵਿਚ ਭੁਲ ਗਏ ਹਮੇਸ਼
ਪੁਰਾਣਕਾਂ ਕੋਲੋਂ ਪੁਛੀ ਸਰੂਪ ਦੀ ਸਥਿਤੀ
ਉਹਨਾਂ ਨੂੰ ਚਿੱਤ-ਸ਼ਾਂਤੀ ਨਹੀਂ ਸੀ
ਵਿਸ਼ਿਆਂ ਵਿਚ ਖੁਭਿਆ ਹੈ ਮਨ ਤੇ ਗਲਾਂ ਕਰਦੇ ਹਨ ਬ੍ਰਹਮ ਗਿਆਨ ਦੀਆਂ
ਭਲਾ ਉਹਨਾਂ ਪਾਸੋਂ ਸਮਾਧਾਨ ਕਿਵੇਂ ਹੋਵੇ
ਹਰਿਦਾਸ ਕੋਲੋਂ ਪੁਛਿਆ ਭਗਤੀ ਦਾ ਉਪਾ
ਪਰ ਉਸ ਦੇ ਕੋਲ ਭਾਵਨਾ ਕਿਥੇ ?
ਮੂੰਹੋਂ ਉਚਾਰਦਾ ਹੈ ਨਾਮ ਦੀ ਮਹਿਮਾ
ਪਰ ਮਨ ਵਿਸ਼ਿਆਂ ਵਿਚ ਅਟਕਿਆ ਹੋਇਆ ਹੈ
ਪੁਛ ਪੁਛ ਕੇ ਬਹੁਤ ਥਕ ਗਿਆ
ਇਸੇ ਲਈ ਤੇਰੀ ਸ਼ਰਣ ਆਇਆ ਹਾਂ ਪਾਂਡੂਰੰਗ
ਸੰਸਾਰ ਵਿਚ ਵਿਚਰਦੇ ਹੋਏ ਮੈਂ ਡਰ ਗਿਆ
ਨਾਮਾ ਕਹਿੰਦਾ ਹੈ ਹੁਣ ਮੈਨੂੰ ਤਾਰ ਲੈ
ਵੇਦ ਗਿਆਨੀ ਕਹਿੰਦੇ ਹਨ, ਅਹਿ ਕਰੋ ਅਹਿ ਨਾ ਕਰੋ

ਸ਼ਾਸਤਰ-ਗਿਆਨੀਆਂ ਦੇ ਆਪਸ ਵਿਚ ਮਤਭੇਦ ਹੁੰਦੇ ਹਨ । ਪੁਰਾਣਵੇਤਾ ਵਿਸ਼ਿਆਂ ਵਿਚ ਖੁੱਭੇ ਹੋਏ ਹਨ ਅਤੇ ਆਪ ਅਸ਼ਾਂਤ ਹਨ । ਹਰਿਦਾਸ ਕੋਲ ਭਗਤੀਭਾਵ ਨਹੀਂ । ਹਰ ਥਾਂ ਇਸੇ ਤਰ੍ਹਾਂ ਦਾ ਅਨੁਭਵ ਹੋਇਆ । ਵਿਚਾਰ ਖੁੰਢਾ ਹੋ ਗਿਆ । ਹੁਣ ਮੈਂ ਤੇਰਾ ਆਸਰਾ ਲੈਣ ਆਇਆ ਹਾਂ ਅਜਿਹਾ ਨਾਮਦੇਵ ਕਹਿੰਦੇ ਹਨ ।

ਕਿਸੇ ਵੀ ਪ੍ਰਕਾਰ ਦਾ ਹੰਕਾਰ ਦਵੈਤਭਾਵ, ਵਿਸ਼ੇ-ਭਾਵਨਾ, ਸ਼ੰਕਾ ਮਨ ਵਿਚ ਨਾ ਰਖ ਕੇ ਅਨਿੰਨ ਭਾਵ ਨਾਲ ਈਸ਼ਵਰ ਦੀ ਸ਼ਰਣ ਵਿਚ ਜਾਣਾ ਹੀ ਨਾਮਦੇਵ ਦੇ ਕਾਵਿ ਦੀ ਮੁਖ ਪਰੇਰਣਾ ਹੈ । ਆਪਣੀ ਇਸ ਵਾਸਨਾ-ਰਹਿਤ ਕਾਵਿ-ਪ੍ਰੇਰਣਾ ਬਾਰੇ ਨਾਮਦੇਵ ਦੇ ਮਨ ਵਿਚ ਪੂਰਨ ਆਤਮ-ਵਿਸ਼ਵਾਸ ਹੈ । ਉਹਨਾਂ ਨੂੰ ਇਸ ਗਲ ਦਾ ਵੀ ਧਿਆਨ ਹੈ ਕਿ ਅਜ ਤਕ ਜਿਨ੍ਹਾਂ ਭਗਤਾਂ ਨੇ ਆਪਣਾ ਉਧਾਰ ਕਰ ਲਿਆ ਹੈ ਉਹਨਾਂ ਤੋਂ ਉਸਦੀ ਆਪਣੀ ਸਥਿਤੀ ਵਖਰੀ ਹੈ :

ਸ਼ਰਣਾ-ਗਤੀ ਵਿਚ ਅਸਾਂ ਵਾਸਨਾ ਛਡ ਦਿੱਤੀ ਹੈ
ਹੇ ਨਾਰਾਇਣ, ਵਾਸਨਾਵਾਂ ਨੂੰ ਤੁਸਾਂ ਆਪ ਅੰਗੀਕਾਰ ਕਰ ਲਿਆ ਹੈ
ਇਸ ਲਈ ਪ੍ਰਸੰਨ ਹੋਣ ਲਈ ਮੇਰੇ ਉਪਰ
ਉਪਰਲੇ ਦਿਲੋਂ ਮੈਨੂੰ ਟਰਕਾਂਉਂਦੇ ਹੋ
ਅਗਿਆਨੀ ਬਾਲਕ ਧਰੂ ਨਾਲ ਤੁਸਾਂ ਠਗੀ ਕੀਤੀ
ਸੁਣ ਲਉ, ਮੈਂ ਏਨਾ ਅਧੀਰ ਨਹੀਂ ਹਾਂ

ਬਿਭੀਸ਼ਣ ਨੂੰ ਬਣਾ ਦਿੱਤਾ ਲੰਕਾਪਤੀ
ਗੱਲਾਂ ਗੱਲਾਂ ਵਿਚ ਉਹ ਪਾਸ ਹੋ ਗਿਆ
ਉਪਮਨਯੂ ਨੇ ਦੁਧ ਲਈ ਜ਼ਿਦ ਕੀਤੀ
ਉਹੋ ਜਿਹਾ ਮੂਰਖ ਮੈਂ ਨਹੀਂ ਹਾਂ
ਨਾਮਾ ਕਹਿੰਦਾ ਹੈ ਮੈਂ ਉਹੋ ਜੇਹਾ ਅਗਿਆਨੀ ਨਹੀਂ ਹਾਂ
ਜੇ ਮੰਗੇਂ ਤਾਂ ਮੈਂ ਤੈਨੂੰ ਸਾਰਾ ਸਰੀਰ ਦੇ ਦੇਵਾਂਗਾ ॥੧੩੪੫ ॥

ਧਰੂ ਭਗਤ ਬਿਭੀਸ਼ਣ ਉਪਮਨਯੂ ਵਾਸਨਾ ਵਿਚ ਲਿਬੜੇ ਹੋਏ ਸਨ, ਇਸ ਲਈ ਤੂੰ ਇਹਨਾਂ ਨੂੰ ਠਗ ਲਿਆ। ਧਰੂ ਅਚਲ ਪਦਵੀ ਲਈ ਅਧੀਰ ਸੀ, ਬਿਭੀਸ਼ਣ ਨੂੰ ਲੰਕਾ ਦਾ ਰਾਜਾ ਚਾਹੀਦਾ ਸੀ ਅਤੇ ਉਪਮਨਯੂ ਨੇ ਦੁਧ ਲਈ ਜ਼ਿਦ ਕੀਤੀ। ਉਹਨਾਂ ਵਾਂਗ ਮੇਰੀ ਭਗਤੀ ਕਾਮਨਾ ਦੇ ਅਧੀਨ ਨਹੀਂ। ਉਹਨਾਂ ਵਾਂਗ ਮੈਂ ਨਾ ਅਧੀਰ, ਨਾ ਅਗਿਆਨੀ; ਨਾ ਮੂਰਖ। ਮੈਂ ਮਨ ਵਿਚ ਕਿਸੇ ਪ੍ਰਕਾਰ ਦੀ ਵਾਸਨਾਂ ਲੈ ਕੇ ਤੇਰਾ ਗੁਣਗਾਨ ਨਹੀਂ ਕਰਦਾ। ਮੈਂ ਤਾਂ ਆਪਣਾ ਸਭ ਕੁਝ ਤੈਨੂੰ ਸੌਂਪ ਦੇਣ ਲਈ ਤਿਆਰ ਹਾਂ। ਤੇਰੀ ਸ਼ਰਣ ਵਿਚ ਆ ਕੇ ਮੈਂ ਆਪਣੀਆਂ ਸਭ ਵਾਸਨਾਵਾਂ ਛਡ ਦਿੱਤੀਆਂ ਪਰ ਉਨ੍ਹਾਂ ਨੂੰ ਤੂੰ ਆਪ ਅੰਗੀਕਾਰ ਕਰ ਲਿਆ ਹੈ। ਇਸ ਲਈ ਪਹਿਲਾਂ ਤੂੰ ਆਪਣੀ ਯੋਗਤਾ ਪਛਾਣ ਕੇ ਵਿਚਾਰ ਕਰ।

ਸੰਸਾਰ ਤੋਂ ਤੰਗ ਆ ਕੇ ਮੈਂ ਤੇਰੀ ਸ਼ਰਣ ਆਇਆ। ਅਸੀਂ ਤੇਰੀ ਸ਼ਰਣ ਆ ਰਹੇ ਹਾਂ, ਇਸੇ ਲਈ ਤਾਂ ਤੇਰੀ ਏਨੀ ਯੋਗਤਾ ਹੈ। ਹੇ ਚਤੁਰ-ਸ਼ਿਰੋਮਣੀ, ਅਸੀਂ ਤੈਨੂੰ ਅੰਗੀਕਾਰ ਕੀਤਾ। ਇਸੇ ਲਈ ਤੈਨੂੰ ਸਾਰਿਆਂ ਨੇ ਪਛਾਣ ਲਿਆ। ਅਸਲ ਵਿਚ, ਤੇਰਾ ਨਾ ਨਾਮ, ਨਾ ਰੂਪ, ਨਾ ਜਾਤ, ਨਾ ਕੁਲ। ਤੈਨੂੰ ਸਾਡੇ ਵਰਗੇ ਭਗਤ ਮਿਲੇ, ਇਸੇ ਲਈ ਭਗਤ-ਵੱਛਲ ਦੇ ਰੂਪ ਵਿਚ ਤੇਰੀ ਸ਼ੋਭਾ ਫੈਲ ਗਈ :

ਹਜ਼ਾਰ ਨਾਵਾਂ ਨਾਲ ਵੀ ਤੂੰ ਰਜਿਆ ਨਹੀਂ
ਇਹ ਵੀ ਗਹਿਣਾ ਸਾਡਾ ਹੀ ਹੈ
ਨਹੀਂ ਤਾਂ ਇਸ ਦੀ ਸੀਮਾ ਕੌਣ ਜਾਣਦਾ ਹੈ
ਮੇਘ ਸ਼ਾਮ ਨੂੰ ਪੁੱਛ
ਇਹ ਵਡੱਪਣ ਤੂੰ ਸਾਥੋਂ ਹੀ ਪ੍ਰਾਪਤ ਕੀਤਾ ਹੈ
ਸਾਡਾ ਜੀਵ ਭਾਵ ਤੇਰੇ ਚਰਣਾ ਉਤੇ
ਨਾਮ ਕਹਿੰਦਾ ਹੈ ਜੇ ਤੂੰ ਸਮਝਦਾਰ ਹੈਂ
ਤਾਂ ਇਸ ਗਲ ਉਪਰ ਚਿੱਤ ਦੇ ॥ ੧੩੪੪ ॥

ਈਸ਼ਵਰ ਦਾ ਗੁਣ-ਗਾਨ ਕਰਨ ਲਈ ਉਤਸ਼ਾਹ ਜਾਗਦਾ ਹੈ। ਏਸੇ ਆਵੇਸ਼ ਵਿਚ

ਆ ਕੇ ਜੋ ਜੀ ਆਵੇ ਸੋ ਬੋਲਦਾ ਜਾਂਦਾ ਹਾਂ :

ਤੈਨੂੰ ਗੀਤ ਵਿਚ ਨਹੀਂ ਗਉਂ ਸਕਦਾ, ਪਾਂਡੂਰੰਗ
ਪ੍ਰੇਮ ਨਾਲ ਹੀ ਆਪਣੇ ਪੈਰਾਂ ਕੋਲ ਲੁਕਣ ਦੇ
ਟੇਢਾ ਮੇਢਾ ਜਿੱਦਾਂ ਵੀ ਜੀ ਆਇਆ
ਗਾਉਣ ਲਈ ਮਨ ਵਿਚ ਚੀਝ ਜਾਗ ਪਈ
ਏਸੇ ਤਰ੍ਹਾਂ ਜੋ ਮੂੰਹ ਵਿਚ ਆਉਂਦਾ ਹੈ ਮੈਂ ਬੋਲ ਦੇਂਦਾ ਹਾਂ
ਨਾਮ ਮੂੰਹ ਵਿਚੋਂ ਅਖੰਡ ਲੈਂਦਾ ਹਾਂ
ਪ੍ਰਭੂ ਜੀ, ਤੇਰਾ ਅਖਵਾਉਂਦਾ ਹਾਂ, ਮੇਰੀ ਸੰਭਾਲ ਕਰ
ਹੇ ਕੇਸ਼ਵ, ਨਾਮੇ ਨੂੰ ਸੰਭਾਲ ਲੈ ਹਮੇਸ਼ਾਂ ਹਮੇਸ਼ਾਂ ਲਈ ॥ ੧੩੩੩ ॥

ਨਾਮ ਦੇਵ ਦੇ ਕਾਵਿ ਵਿਚ ਪ੍ਰਮੁਖ ਪਰੇਰਣਾ ਇਹੋ ਹੈ :

ਐਸਾ ਬੋਲ ਬੋਲੀਏ
ਜਿਸਨੂੰ ਸੁਣ ਕੇ ਵਿੱਠਲ ਡੋਲ ਜਾਏ ॥ ੧੨੪੫ ॥

## ਵਿਠਲ ਭਗਤੀ ਦੀ ਲਗਨ

ਨਾਮਦੇਵ ਦੀ ਕਾਵਿ-ਰਚਨਾ ਕੇਵਲ ਵਿੱਠਲ-ਭਗਤੀ ਨਾਲ ਓਤ-ਪੋਤ ਹੈ। ਵਿੱਠਲ ਸਦਕਾ ਹੀ ਉਹਨਾਂ ਪੰਢਰਪੁਰ ਦਾ ਅਤੇ ਸੰਤਾਂ ਦਾ ਵਰਣਨ ਵੀ ਭਾਵੁਕ ਤੀਬਰਤਾ ਨਾਲ ਕੀਤਾ ਹੈ। ਨਾਮ ਦੇਵ ਦੇ ਹਰ ਇਕ ਅਭੰਗ ਵਿਚ ਪਰਮਾਤਮਾ ਦਾ ਗੁਣਗਾਨ ਮਿਲਦਾ ਹੈ। ਪਰਮਾਤਮਾ ਨਾਲ ਅਸੀਮ ਭਗਤੀ ਅਤੇ ਨਾਮਦੇਵ ਦੀ ਕਾਵਿ-ਰਚਨਾ, ਇਨ੍ਹਾਂ ਦਾ ਆਪੋ ਵਿਚ ਡੂੰਘਾ ਮਿਤਰਾਨਾ ਹੈ। ਉਹ ਕਹਿੰਦੇ ਹਨ :

ਸਤਿ-ਭਾਵ ਮੈਨੂੰ ਕਹਿੰਦੇ ਹਨ
ਹੋਰ ਸਭ ਵਿਉਤਪਤੀ ਬੇਕਾਰ ਹੈ
ਮੈਂ ਤਾਂ ਜਾਵਾਂਗਾ ਬੜੀ ਖੁਸ਼ੀ ਨਾਲ
ਉਸ ਦੇ ਪੇਕੇ

ਨਾਮਦੇਵ ਦੀ ਪ੍ਰਤਿਭਾ ਨੂੰ ਫਾਲਤੂ ਸਾਮਗਰੀ ਦੀ ਲੋੜ ਨਹੀਂ। ਆਪਣੇ ਵਿਸ਼ੇ ਦੇ ਸੰਬੰਧ ਵਿਚ ਜਿੰਨੀ ਸਾਮਗਰੀ ਦੀ ਲੋੜ ਹੈ, ਉਹ ਉਨ੍ਹਾਂ ਨੂੰ ਸਹਿਜੇ ਪ੍ਰਾਪਤ ਹੈ। ਸ਼੍ਰੀ ਕ੍ਰਿਸ਼ਨ ਲੀਲਾ ਦਾ ਅਭੰਗ ਗਵਾਲਨਾਂ ਨਾਲ ਸੰਬੰਧਿਤ ਹੈ। ਉਸ ਦੇ ਮੁਢਲੇ ਬੋਲ ਹਨ—

ਗਵਾਲਨਾਂ ਨੂੰ ਠਗ ਲਿਆ
ਗਵਾਲਨਾਂ ਨੂੰ ਠਗ ਲਿਆ
ਇਕ ਇਕ ਦੀ ਸੰਗਤਿ ਵਿਚ
ਮਰਾਠੀ ਕਾਨੜੀ
ਇਕ ਮੁਸਲਮਾਨੀ
ਕੋਂਕਣੀ, ਗੁਜਰਿਣੀ ਉਹ ਸਨ ਪੰਜ ਜਣੀਆਂ

ਕ੍ਰਿਸ਼ਨ ਨੇ ਉਹਨਾਂ ਦੇ ਬਸਤਰ ਚੁਰਾ ਲਏ । ਜਦੋਂ ਉਹ ਜਮਨਾ ਦੇ ਪਾਣੀ ਵਿਚ ਅਸ਼ਨਾਨ ਕਰਕੇ ਬਾਹਰ ਨਿਕਲਦੀਆਂ ਹਨ ਤਾਂ ਉਸ ਵੇਲੇ ਇਹ ਪੰਜ਼ ਗਵਾਲਨਾਂ ਬਸਤਰ ਵਾਪਸ ਲੈਣ ਲਈ ਕ੍ਰਿਸ਼ਨ ਦੀਆਂ ਮਿੰਨਤਾਂ ਕਰਦੀਆਂ ਹਨ । ਇਸ ਸਥਿਤੀ ਦਾ ਵਰਣਨ ਨਾਮਦੇਵ ਨੇ ਉਨ੍ਹਾਂ ਦੀਆਂ ਪੰਜ਼ ਭਾਸ਼ਾਵਾਂ ਵਿਚ ਬੜੇ ਸੁਆਦ ਨਾਲੀ ਕੀਤਾ ਹੈ :

ਲਡੋਬਾ ਗੋਵਿੰਦਾ
ਲਡੋਬਾ ਗੋਵਿੰਦਾ
ਨਿਰਵਾਣੀ ਆਜ
ਆਡ ਚਾਲਯੋ ਪਡ ਚਾਲਯੋ
ਸ਼ੀਰ ਫੋਡਯਾਂ ਨਾ ਮਾਰੀ ਕੰਨ੍ਹੈਯਾ
ਮਾਰੀ ਕੰਨ੍ਹੈਯਾ ਪਾਨੀ ਖੇਲਯਾ ਨਾ ਖੇਲੋ

ਇਹ ਬੋਲ ਕਾਨੜੀ ਗਵਾਲਿਨ ਦੇ ਹਨ ਅਤੇ :—

ਦੇਖ ਰੇ ਕਨ੍ਹੈਯਾ
ਦੇਖ ਰੇ ਕਨ੍ਹੈਯਾ
ਮੈਂ ਇਜ਼ਤ ਕੀ ਬੜੀ
ਕਦਮ ਪਕੜੂੰਗੀ
ਮੈਯਾ ਕਟੋ ਜੂੜਾ
ਮੇਰੀ ਚੁਨਰੀ ਦੇ
ਮੇਰੀ ਦੇ ਦੁੱਲੜੀ ॥

ਇਹ ਮੁਸਲਮਾਨ ਗਵਾਲਿਨ ਕਹਿੰਦੀ ਹੈ :

ਦੇਵਕੀਨੰਦਨ ਦੇਵਕੀਨਦਨ

ਤੂੰ ਸੁਨ ਸ੍ਰੀਪਤਿ
ਉਘੜੀ ਹਿਵਾਚੀ
ਤੁਜ ਵਿਨਵੂ ਕਿਤੀ
ਪਾਯਾ ਪੜਤੇਥਾ
ਪੀ ਯੇਤੇ ਕਾਕੁਲਤੀ
ਸਾਝੀ ਸਾੜੀ ਦੇ
ਘੇ ਨਾਕਾਚੇ

ਇਹ ਮਰਾਠੀ ਗਵਾਲਿਨ ਦੇ ਉਦਗਾਰ ਹਨ ਅਤੇ :

ਮੋਤੀ ਪਾਵਗ ਦਾਤਾ ਲਾ
ਪਾਵਗਾ ਦਾਤਾ ਲਾ
ਤੂ ਨੰਦ ਚਾ ਝਿਲੋ
ਮਾ ਕਾਂ ਫੜਕੋ ਦੀ
ਭੀ ਹਿਵਾਨੰ ਮੇਲੀ
ਘੇ ਮਾਝੇ ਕੋਯਤੋ
ਘੇ ਮਾਝੇ ਕੋਯਤੇ
ਦੇਵਾ ਪਾਯਾ ਪੜਲੋਂ

ਇਹ ਕੋਂਕਣੀ ਗਵਾਲਿਨ ਦਾ ਪਦ ਹੈ ਅਤੇ ਹੁਣ ਗੁਜਰਾਤੀ ਗਵਾਲਿਨ ਦੀ ਬੇਨਤੀ ਉਸ ਦੀ ਭਾਸ਼ਾ ਵਿਚ ਇਵੇਂ ਹੈ :

ਜਿਓਰੇ ਮਾਧਵ ਜੀ
ਜਿਓਰੇ ਮਾਧਵ ਜੀ
ਮੈਂ ਸ਼ਰਣ ਥੇ
ਤਨਕਾ ਕਾ ਕੋਯੀ ਬਲ ਦਯਾਲੁ ਤੁਹੀਂ
ਮਾਰੀ ਸਾਡੀ ਆਪੋਂ
ਹਾਤਣੀਂ ਲੇ ਕੰਕਣੀਂ ॥ ੩੨੦ ॥

ਆਪਣਾ ਵਰਣਨ ਪ੍ਰਭਾਵਪੂਰਨ ਬਨਾਉਣ ਲਈ ਨਾਮਦੇਵ ਨੇ ਪੰਜ ਭਾਸ਼ਾਵਾਂ ਦੀ ਵਰਤੋਂ ਕੀਤੀ ਹੈ। ਇਸ਼ ਗਲ ਤੋਂ ਉਨ੍ਹਾਂ ਦੇ ਬਹੁ-ਭਾਸ਼ਾ-ਗਿਆਨ ਅਤੇ ਮਿਹਨਤ ਦਾ ਪਰਮਾਣ ਮਿਲਦਾ ਹੈ।

ਨਾਮਦੇਵ ਦੀ ਭਾਸ਼ਾ ਦੀ ਪ੍ਰਭੁਤਾ ਵੇਖਕੇ ਮਹਿਪਤੀ ਨੇ ਉਹਨਾਂ ਦੀ ਪ੍ਰਸੰਸਾ ਕੀਤੀ—

ਜਿਸ ਜਿਸ ਦੇਸ਼ ਵਿਚ ਤੀਰਥ ਕਰਨ ਗਏ
ਓਥੇ ਉਹੋ ਜੇਹੀ ਹੀ ਕਰ ਲਗ ਪਏ ਕਵਿਤਾ

ਨਾਮਦੇਵ ਦੇ 'ਗਵਾਲਿਨ' ਪਦ ਮਰਾਠੀ ਦੇ ਭਗਤੀ ਮੂਲਕ ਪਦਾਂ ਦੀ ਕੰਗਰੋੜ ਹਨ ਕੁਝ 'ਗਵਾਲਿਨ' ਪਦੇ ਤਾਂ ਭਗਤੀ-ਰਸ ਦੀ ਟੀਸੀ ਹਨ ਅਤੇ ਕਦੀ ਵੀ ਭੁਲਾਏ ਨਹੀਂ ਜਾ ਸਕਦੇ। ਹੇਠਲੇ 'ਗਵਾਲਿਨ' ਪਦ ਵਿਚ ਕ੍ਰਿਸ਼ਨ-ਭਗਤੀ ਦੀ ਲਗਨ ਧਿਆਨ-ਯੋਗ ਹੈ :

ਮਲ੍ਹਾਰ ਮੇਘ ਆਕਾਸ਼ ਵਿਚ ਘਿਰੇ ਹਨ
ਬਿਜਲੀ ਕੜਕਦੀ ਹੈ, ਬਦਲੀ ਗਰਜਦੀ ਹੈ, ਹੇ ਮਾਂ
ਗੋਬਿੰਦ ਦੇ ਦਰਸ਼ਨਾਂ ਲਈ ਸਹਿਜ ਹੀ
ਸ਼ਹਿਦ ਦੀਆਂ ਧਾਰਾਂ ਵਰ੍ਹਦੀਆਂ ਹਨ, ਹੇ ਮਾਂ
ਆਨੰਦ ਵਿਚ ਮੋਰ ਨਚਦੇ ਹਨ ਆਪ ਮੁਹਾਰੇ
ਪ੍ਰੇਮ ਨਾਲ ਉਹ ਨੀਲਕੰਠ ਹੋ ਗਏ ਹਨ
ਨਾਮਾ ਕਹਿੰਦਾ ਹੈ, ਸਵਾਮੀ ਉੱਜਲ ਦ੍ਰਿਸ਼ਟੀ ਨਾਲ ਵੇਖਣ
ਜੀ ਲਗਦਾ ਹੈ ਗੋਪਾਲ ਵਿਚ, ਹੇ ਮਾਂ

ਇਸ ਅਭੰਗ ਵਿਚ ਬਿੰਬ ਕਿੰਨਾ ਵਿਆਪਕ ਅਤੇ ਵਾਸਤਵ ਹੈ। ਗੜਗੱਜ ਪਾਉਂਦੇ ਹੋਏ ਮੇਘ ਆਕਾਸ਼ ਵਿਚ ਜਮਾਂ ਹੋ ਗਏ ਹਨ, ਬਿਜਲੀਆਂ ਕੜਕ ਰਹੀਆਂ ਹਨ ਅਤੇ ਗੋਬਿੰਦ ਦੇ ਦਰਸ਼ਨ ਕਰਨ ਲਈ ਸਾਵਨ ਵਰ੍ਹਣ ਲਗ ਪਿਆ। ਆਨੰਦ ਨਾਲ ਮੋਰਾਂ ਨੇ ਪੈਲਾਂ ਪਾਈਆਂ ਅਤੇ ਪ੍ਰੇਮ ਨਾਲ ਉਹ ਮੋਰ ਨੀਲਕੰਠ ਬਣੇ। ਨਾਮਦੇਵ ਵੀ ਆਪਣੇ ਸਵਾਮੀ ਨੂੰ ਉੱਜਲ ਦ੍ਰਿਸ਼ਟੀ ਨਾਲ ਵੇਖਣ ਲਈ ਬਿਹਬਲ ਹੋ ਉਠਿਆ :—

ਰਾਤ ਕਾਲੀ, ਗਾਗਰ ਕਾਲੀ
ਜਮਨਾ ਦੀ ਧਾਰ ਵੀ ਕਾਲੀ ਹੈ, ਮਾਂ
ਬੂੰਥ ਕਾਲੀ, ਚੂੜੀ ਕਾਲੀ
ਗਲੇ ਵਿਚ ਮੋਤੀਆਂ ਦੀ ਲੜੀ ਵੀ ਕਾਲੀ ਹੈ, ਮਾਂ
ਮੈਂ ਕਾਲੀ, ਚੋਲੀ ਵੀ ਕਾਲੀ
ਕੁਛ ਵੀ ਮੈਂ ਪਹਿਨੀ ਹੈ ਕਾਲੀ, ਮਾਂ
ਕਲੀਕਾਰੀ ਪਾਣੀ ਲੈਣ ਨਾ ਜਾਵੀਂ, ਸਜਨੀ

ਉਸਦੇ ਨਾਲ ਮੂਰਤੀ ਵੀ ਭੇਜੋ ਸਾਂਵਲੀ, ਹੇ ਮਾਂ
ਵਿਸ਼ਨੂਦਾਸ ਨਾਮਾ ਦੀ ਸੁਆਮਣ ਵੀ ਕਾਲੀ
ਕ੍ਰਿਸ਼ਨਮੂਰਤੀ ਬਹੁਤ ਕਾਲੀ ਹੈ, ਮਾਂ ॥ ੩੧੨ ॥

ਪਰਮਾਰਥ ਮਾਰਗ ਦੇ ਸਾਧਕ ਦੀ ਮਨੋਸਥਿਤੀ ਦਾ ਵਰਣਨ ਪਛਮੀ ਧਰਮ-ਲੇਖਕਾਂ ਨੇ 'ਜੀਵਾਤਮਾ ਦੀ ਕਾਲੀ ਬੋਲੀ ਰਾਤ' (ਦੀ ਡਾਰਕ ਨਾਈਟ ਆਫ ਸੋਲ) ਕਹਿ ਕੇ ਕੀਤਾ ਹੈ। ਆਪਣਾ ਸਾਧਨਾਂ ਦੀ ਕਸ਼ਟਦਾਇਕ ਵਿਦੇਸ਼ ਯਾਤਰਾ ਦਾ ਵਰਣਨ ਨਾਮਦੇਵ ਨੇ ਕਾਲੀ ਬੋਲੀ ਰਾਤ ਦੀ ਮੂਰਤੀ ਨਾਲ ਕੀਤਾ ਹੈ। ਇਸ ਅਭੰਗ ਵਿਚ ਕਾਲੀ ਰਾਤ ਕਾਲੀ ਜਮਨਾ ਅਤੇ ਕਾਲੀ ਕ੍ਰਿਸ਼ਨ-ਮੂਰਤੀ ਦਾ ਵਰਣਨ, ਉਸ ਵਿਚ ਅਨੂਪਮ ਸ਼ਬਦ-ਕਲਾ ਅਤੇ ਉਸ ਵਿਚ ਸੂਚਿਤ ਈਸ਼ਵਰ ਪ੍ਰਾਪਤੀ ਦੀ ਲਗਨ, ਬਿਰਹੋਂ ਅਗਨ, ਮਧੁਰਾ ਭਗਤੀ ਅਤੇ ਅਣਪੱਤ ਦਾ ਭਾਵ ਜਿਸ ਸੁੰਦਰ ਸੁਮੇਲ ਨਾਲ ਇਕੋ ਥਾਂ ਜੁੜ ਬੈਠੇ ਹਨ ਉਸਦੇ ਜੋੜ ਦੀ ਹੋਰ ਮਿਸਾਲ ਘਟੋ ਘਟ ਮਰਾਠੀ ਸਾਹਿਤ ਵਿਚ ਤਾਂ ਨਹੀਂ ਮਿਲਦੀ।

ਈਸ਼ਵਰ ਅਤੇ ਭਗਤ ਦੇ ਅਦਵੈਤ ਨੂੰ ਵਰਣਿਤ ਕਰਨ ਵਾਲੀ ਨਾਮਦੇਵ ਦੀ ਪ੍ਰਤਿਭਾ ਦਾ ਇਕ ਹੋਰ ਵਿਲਾਸ ਹੇਠਲੇ ਅਭੰਗ ਵਿਚ ਵੇਖੋ :—

ਤੂੰ ਆਕਾਸ਼ ਹੈਂ ਮੈਂ ਧਰਤੀ
ਤੂੰ ਲਿੰਗ, ਮੈਂ 'ਸਾਲੁੰਕਾ'
ਤੂੰ ਸਮੁੰਦਰ, ਮੈਂ ਦਵਾਰਿਕਾ, ਆਪਣੇ ਆਪ ਦੋਵੇਂ
ਤੂੰ ਬਿੰਦਰਾਬਨ, ਮੈਂ 'ਚਿਰੀ'
ਤੂੰ ਤੁਲਸੀ, ਮੈਂ ਮੰਜਰੀ
ਤੂੰ ਬੰਸੀ, ਮੈਂ ਮੋਰੀ, ਆਪਣੇ ਆਪ ਦੋਵੇਂ
ਤੂੰ ਚੰਨ, ਮੈਂ ਚਾਨਣੀ
ਆਪਣੇ ਆਪ ਦੋਵੇਂ
ਤੂੰ ਨਾਗ, ਮੈਂ ਪਦਮਣੀ
ਤੂੰ ਕ੍ਰਿਸ਼ਨ, ਮੈਂ ਰੁਕਮਣੀ,
ਤੂੰ ਨਦੀ ਮੈਂ ਕਿਨਾਰਾ
ਤੂੰ ਕਿਸ਼ਤੀ, ਮੈਂ ਮਸਤੂਲ
ਤੂੰ ਧਨੁਖ, ਮੈਂ ਤਰਕਸ
ਆਪਣੇ ਆਪ ਦੋਵੇਂ
ਤੂੰ ਵੇਦ, ਮੈਂ ਸਤਵੰਤਾ
ਤੂੰ ਸਾਸਤਰ, ਮੈਂ ਗੀਤਾ
ਤੂੰ ਗੰਧ, ਮੈਂ ਤੰਦਲ, ਆਪਣੇ ਆਪ ਦੋਵੇਂ

ਨਾਮਾ ਕਹੇ ਪੁਰਸ਼ੋਤਮ
ਮੈਂ ਜੁੜ ਰਿਹਾ ਹਾਂ ਤੇਰੇ ਪ੍ਰੇਮ ਵਿਚ
ਮੈਂ ਕਾਇਆ, ਤੂੰ ਆਤਮਾ, ਆਪਣੇ ਆਪ ਦੋਵੇਂ

## ਈਸ਼ਵਰ-ਭਗਤੀ ਦੇ ਵੰਨ-ਸੁਵੰਨੇ ਸਾਧਨ

ਨਾਮਦੇਵ ਦੇ ਵਿਠੱਲ ਪ੍ਰਤੀ ਆਪਣਾ ਪ੍ਰੇਮ ਪ੍ਰਗਟਾਉਂਦੇ ਹੋਏ ਉਸਦੇ ਮਿਲਨ ਦੇ, ਉਸਦੇ ਸਿਮਰਨ ਅਤੇ ਬੇਨਤੀ ਦੇ, ਉਡੀਕ ਅਤੇ ਬਿਰਹੋਂ ਦੇ ਵੰਨ ਸੁਵੰਨੇ ਵਰਣਨ ਕੀਤੇ ਹਨ। ਈਸ਼ਵਰ ਦੀ ਥਾਂ ਮਨੁਖ-ਮਨੁਖ ਦੇ ਹਰ ਇਕ ਰਿਸ਼ਤੇ ਨਾਤੇ ਦੀ ਕਲਪਨਾ ਕੀਤੀ ਹੈ। ਇਨ੍ਹਾਂ ਨਾਤਿਆਂ ਵਿਚ ਮਾਂ ਜਾਂ ਮਾਤਾ ਦਾ ਰਿਸ਼ਤਾ ਉਸਨੂੰ ਸਭ ਤੋਂ ਵਧੀਕ ਪਸੰਦ ਹੈ। ਇਸਦੇ ਵਰਣਨ ਵਿਚ ਨਾਮਦੇਵ ਦੀ ਪ੍ਰਤਿਭਾ ਬਹੁਤ ਪ੍ਰਫੁੱਲਤ ਹੋਈ ਹੈ :

ਵਿੱਠਲ ਮਾਤਾ ਕੋਮਲ ਕਿਰਪਾਲੂ ਹੈ
ਉਸਨੂੰ ਯਾਦ ਕਰੋ ਤਾਂ ਉਹ ਤਟ-ਫਟ ਪ੍ਰੇਮ ਦਾ ਦੁਧ ਦੇਂਦੀ ਹੈ
ਤੂੰ ਮੇਰੀ ਮਾਂ ਹੈਂ, ਮੈਂ ਤੇਰਾ ਵੱਛਾ
ਅਪਣਾ ਦੁਧ ਘਟ ਨਾ ਕਰ, ਹੇ ਪਾਂਡੂਰੰਗ
ਤੂੰ ਮੇਰੀ ਹਰਨੀ, ਮੈਂ ਤੇਰਾ ਬੱਚਾ
ਭਵ-ਬੰਧਨ ਨੂੰ ਤੋੜ ਦੇਵੋ, ਹੇ ਪਾਂਡੂਰੰਗ
ਤੂੰ ਮੇਰੀ ਪੰਛਣੀ, ਮੈਂ ਤੇਰਾ ਅੰਡਜ
ਮੈਨੂੰ ਚੋਗ ਚੁਗਾਂਦਾ ਹੈ ਪਾਂਡੂਰੰਗ
ਨਾਮਦੇਵ ਕਹਿੰਦਾ ਹੈ ਭਗਤੀ ਦੀ ਵਾਤਸਲਤਾ ਵਿਖਾ
ਅੱਗੇ-ਪਿੱਛੇ ਤੂੰ ਹੀ ਖਲੋਤਾ ਹੈਂ, ਸੰਭਾਲਣ ਵਾਸਤੇ ॥ ੧੨੩੪ ॥

ਇਸ ਪ੍ਰਸਿੱਧ ਅਭੰਗ ਵਿਚ ਨਾਮ ਦੀ ਵਾਤਸਲ-ਭਗਤੀ ਬੜੀ ਦੀਨਤਾ ਨਾਲ ਪ੍ਰਗਟ ਹੋਈ ਹੈ। ਇਹੋ ਦੀਨਤਾ ਉਸ ਦੇ ਹੋਰ ਵੀ ਅਨੇਕ ਅਭੰਗਾਂ ਵਿਚ ਪ੍ਰਗਟਾਈ ਗਈ ਹੈ। ਉਨ੍ਹਾਂ ਵਿਚ ਇਕ ਅਭੰਗ ਤਾਂ ਬਹੁਤ ਹੀ ਸੁੰਦਰ ਹੈ; ਉਸਦੇ ਮੁਢਲੇ ਬੋਲ ਹਨ :

ਕਦੋਂ ਮਿਲੋਗੇ ਮੇਰੇ ਪ੍ਰਾਣਸਖਾ
ਆ ਜਾ ਪਾਂਡੂਰੰਗ, ਮਾਈ ਬਾਪਾਂ

ਵਿੱਠਲ ਨੂੰ ਮਿਲਨ ਲਈ ਬਿਹਬਲਤਾ ਨੂੰ ਉਚਿਤ ਸ਼ਬਦ-ਕਲਾ ਨਾਲ ਕਾਵਿ-ਰੂਪ ਨਾਮਦੇਵ ਨੇ ਹੀ ਦਿਤਾ ਹਿਰਦੇ ਨੂੰ ਛੋਹਣ ਨਾਲ ਅਤੇ ਲਗਨ ਨਾਲ ਭਰੇ ਅਜੇਹੇ ਅਭੰਗ

ਗਿਣਤੀ ਵਿਚ ਕਿੰਨੇ ਸਾਰੇ ਹਨ। ਵੰਨਗੀ ਲਈ ਇਕ ਅਭੰਗ ਵੇਖੋ:

ਤੁਸੀਂ ਏਨੀ ਦੇਰ ਕਿਉਂ ਲਾ ਦਿੱਤੀ
ਕੀ ਕਿਸੇ ਭਗਤ ਨੇ ਤੁਹਾਨੂੰ ਰਾਹ ਵਿਚ ਰੋਕ ਲਿਆ
ਜਲਦੀ ਆਓ ਤੇ ਵਿੱਠਲ
ਵਾਜਾਂ ਮਾਰ ਮਾਰ ਕੇ ਮੇਰਾ ਸੰਘ ਸੁਕ ਗਿਆ
ਦਸਾਂ ਦਿਸ਼ਾਵਾਂ ਵਿਚ ਰਾਹ ਵੇਖਦਾ ਹਾਂ
ਮੇਰੇ ਪ੍ਰਾਣਾਂ ਨੂੰ ਭਰੋਸਾ ਹੈ
ਮੇਰਾ ਪ੍ਰਾਣ-ਪਿਆਰਾ ਕਦੋਂ ਆਵੇਗਾ
ਕਦੋਂ ਮੈਂ ਚਤੁਰਭੁਜ ਨੂੰ ਜੱਫੀ ਪਾਵਾਂਗਾ
ਨਾਮਦੇਵ ਪ੍ਰੇਮ ਦੀ ਉਮੰਗ ਨਾਲ ਭਰ ਗਿਆ ਹੈ

ਇਸ ਅਭੰਗ ਵਿਚ ਈਸ਼ਵਰ-ਭਗਤੀ ਦੀ ਕੇਵਲ ਦੁਖ-ਬਿਹਬਲਾ ਹੀ ਨਹੀਂ ਈਸ਼ਵਰ-ਮਿਲਨ ਵਿਚ ਦੇਰ ਕਿਉਂ ਲੱਗੀ, ਇਸ ਦੀ ਕਾਰਣ-ਮੀਮਾਂਸਾ ਵੀ ਹੈ। ਈਸ਼ਵਰ ਨੂੰ ਆਵਾਜ਼ਾਂ ਦੇ ਰਹੇ ਦਾ ਗਲਾ ਸੁਕ ਗਿਆ, ਦਸਾਂ ਦਿਸ਼ਾਵਾਂ ਦੇ ਵਿਚ ਈਸ਼ਵਰ-ਮਿਲਣ ਦੀ ਉਡੀਕ ਹੈ, ਇਸ ਦਾ ਵਰਣਨ ਵੀ ਥੋੜ੍ਹੇ ਤੋਂ ਥੋੜ੍ਹੇ ਸ਼ਬਦਾਂ ਵਿਚ ਕੀਤਾ ਗਿਆ ਹੈ। ਈਸ਼ਵਰ ਉਪਰ ਵਿਸ਼ਵਾਸ, ਈਸ਼ਵਰ ਦੀ ਪ੍ਰਾਣ-ਭਾਵਨਾ ਅਤੇ ਚਾਰੇ ਪਾਸੇ ਜੱਫ਼ ਵਿਚ ਲੈਣ ਦੀ ਉਤਕੰਠਾ, ਨਾਮਦੇਵ ਦੇ ਅੰਦਰ ਪੈਦਾ ਹੋਇਆ ਸਾਤਵਿਕ ਭਾਵ ਪ੍ਰੇਮ ਦਾ ਉਤਕਰਸ਼ ਅਤੇ ਦੇਹ-ਸਮਰਪਣ ਭਗਤੀ-ਭਾਵਨਾ ਦੇ ਅਨੇਕ-ਮੁਖ ਸੁਹਜ ਚਿਤ੍ਰ ਘਟ ਤੋਂ ਘਟ ਸ਼ਬਦਾਂ ਵਿਚ ਅੰਕਿਤ ਕੀਤੇ ਗਏ ਹਨ।

'ਆਦਿ ਗ੍ਰੰਥ' ਵਿਚ ਰਾਗ ਭੈਰਉ ਦੇ ਇਕ ਪਦ ਵਿਚ ਨਾਮਦੇਵ ਨੇ ਕਿਹਾ ਹੈ :

ਜੈਸੀ ਪ੍ਰੀਤਿ ਬਾਰਿਕ ਅਰੁ ਮਾਤਾ
ਐਸਾ ਹਰਿ ਸੇਤੀ ਮਨੁ ਰਾਤਾ
ਪ੍ਰਣਵੈ ਨਾਮਦੇਉ ਲਾਗੀ ਪ੍ਰੀਤ
ਗੋਬਿੰਦੁ ਬਸੈ ਹਮਾਰੇ ਚੀਤਿ ॥ ੪੪ ॥

ਜਿਸ ਪ੍ਰਕਾਰ ਦਾ ਮਾਤਾ ਅਤੇ ਬਾਲਕ ਵਿਚ ਵਾਤਸਲ-ਭਾਵ ਹੁੰਦਾ ਹੈ, ਉ ਤਰ੍ਹਾਂ ਹਰਿ ਨਾਲ ਮਨ ਰੰਗ ਰਖਿਆ ਹੋਇਆ ਹੈ। ਈਸ਼ਵਰ ਨਾਲ ਮੇਰਾ ਪਿਆ ਹੈ। ਉਹ ਨਿਰੰਤਰ ਮੇਰੇ ਮਨ ਵਿਚ ਵਾਸ ਕਰਦਾ ਹੈ।

ਈਸ਼ਵਰ ਨਾਲ ਮਿਲਨ, ਪ੍ਰੇਮ–ਕਲਾ, ਰੁੱਸਣਾ ਆਦਿ ਵੀ ਨਾਮਦੇਵ ਦੇ ਭਗਤੀ–ਕਾਵਿ ਦੇ ਮਧੁਰ ਪ੍ਰਸੰਗ ਹਨ :

ਕਮਰ ਉਪਰ ਹਥ ਰਖ ਕੇ ਖਲੋਤਾ ਹੈ
ਵੇਖੋ ਕਿਹੋ ਜੇਹਾ ਹਰ ਲੈਣ ਵਾਲਾ ਹੈ
ਮੇਰਾ ਹਿਸਾਬ ਕਰ, ਹਿਸਾਬ ਕਰ, ਹੇ ਕੇਸ਼ਵ
ਚੌਰਾਸੀ ਲਖ ਜੂਨੀਆ ਵਿਚ ਤੇਰੀ ਸੇਵਾ ਕੀਤੀ ਹੈ
ਮੇਰਾ ਕਰਜ਼ਾ ਚੁਕਤਾ ਕਰ, ਹੇ ਦੇਵ
ਨਹੀਂ ਤਾਂ ਮੈਂ ਤੇਰੇ ਸੇਵਕ ਨੂੰ ਫੜ ਲਵਾਂਗਾ
ਨਾਮਦੇਵ ਕਹਿੰਦਾ ਹੈ, ਮੈਨੂੰ ਬੇਕਾਰ ਕਿਉਂ ਤੰਗ ਕਰ ਰਿਹਾ ਹੈਂ
ਪਾਗਲ ਬਣ ਗਿਆ ਤਾਂ ਮੈਂ ਤੇਰੇ ਪੈਰਾਂ ਨਾਲ ਲਿਪਟ ਜਾਵਾਂਗਾ ॥ ੧੩੫੩ ॥

ਏਥੇ ਹਿਸਾਬ ਕਰਨ ਦੀ ਕਲਪਨਾ ਅਤੇ ਮੇਰੇ ਕਰਜਾ ਚੁਕਤਾ ਨਾ ਕੀਤਾ ਤਾਂ ਮੈਂ ਗੁੱਸੇ ਹੋ ਜਾਵਾਂਗਾ ਤੇ ਤੇਰੇ ਪੈਰ ਫੜ ਲਵਾਂਗਾ, ਇਹ ਕਲਪਨਾ ਦਿਲ ਨੂੰ ਛੋਂਹਦੀ ਹੈ ।

ਕਲਪ ਬਿਰਛ ਹੇਠ ਬੈਠੇ ਹੋਏ ਨੂੰ
ਕਲਪਿਤ ਫਲ ਨਾ ਮਿਲੇ
ਕਾਮਧੇਨ ਨੂੰ ਚੋ ਕੇ ਵੀ
ਵਰਤ ਰੱਖਣ ਵਾਲਾ ਕਿਉਂ ਮਰੇ ?
ਚੁਪ ਰਹੋ, ਚੁਪ ਰਹੋ
ਜੋ ਹੋਣੀ ਹੈ, ਉਹ ਹੋਵੇਗੀ
ਜਾਣ ਵਾਲਾ ਚਲਾ ਜਾਵੇਗਾ
ਨਾਮਾ ਕਹਿੰਦਾ ਹੈ ਕੇਸ਼ਵ ਤੇਰੀ ਕਿਹੋ ਜੇਹੀ ਧੌਂਸ ਹੈ
ਸੰਤਾ ਮਹੰਤਾਂ ਦੇ ਸਾਹਮਣੇ ਤੇਰੀਆਂ ਸ਼ਰਾਰਤਾਂ ਦਸ ਦੇਵਾਂਗਾ ॥ ੧੩੬੦ ॥

ਸੰਤਾਂ ਮਹੰਤਾਂ ਵਿਚ ਤੇਰੀ ਬਦਨਾਮੀ ਕਰਾਂਗਾ । ਲਾਲਚ ਵਿਚ ਆ ਕੇ ਤੂੰ ਸਬਜ਼ੀ-ਤਰਕਾਰੀ ਮੰਗਦਾ ਹੈਂ, ਤੈਨੂੰ ਸ਼ਰਮ ਨਹੀਂ ਆਉਂਦੀ ? ਤੇਰੀ ਸੋਭਾ ਕਿਥੋਂ ਤਕ ਕਰਾਂ ? ਮੈਂ ਹੁਣ ਤੇਰੀ ਭੰਡੀ ਕੀਤੇ ਬਿਨਾ ਨਹੀਂ ਰਹਾਂਗਾ (੧੩੬੧) । ਨਾਮਦੇਵ ਨੇ ਹਰ ਪਾਸੇ ਈਸ਼ਵਰ ਉਪਰ ਉਸਤਤਿ ਦੇ ਫੁਲ ਵਰ੍ਹਾਏ ਹਨ । ਇਸ ਲਈ

ਉਸ ਨਾਲ ਲਿਪਟ ਕੇ ਵੀ ਉਸਦੀ ਨਿੰਦਾ ਕਰਦੇ ਹਨ ? ਇਕ ਥਾਂ ਉਪਰ 'ਇਸ ਪ੍ਰਸ਼ਨ ਦਾ ਉਤਰ ਇਉਂ ਦੇਂਦੇ ਹਨ :

ਨਿੰਦਾ ਅਤੇ ਉਸਤਤਿ ਤੇਰੀ ਹੀ ਕਰਾਂਗਾ
ਹੋਰਨਾ ਦੇ ਗੁਣ-ਦੋਸ਼ ਦਾ ਕਥਨ ਮੈਂ ਨਹੀਂ ਕਰਾਂਗਾ
ਨਾਮਦੇਵ ਕਹਿੰਦਾ ਹੈ ਤੇਰੇ ਨਾਲ ਨੇੜ ਦਾ ਰਿਸ਼ਤਾ ਪਾਵਾਂਗਾ
(ਨਾਮਾ) ਕਹਿੰਦਾ ਹੈ ਮੈਨੂੰ ਬੈਕੁੰਠ ਪਦ ਦੇ ਦੇਵੀ ॥ ੩੭੫੬ ॥

ਤੇਰੇ ਚਰਣਾਂ ਦੀ ਖੋਜ ਕਦੇ ਟੁੱਟੇ ਨਾਂ, ਇਹੋ ਮੇਰੀ ਬੇਨਤੀ ਹੈ । ਇਸੇ ਖਾਤਰ ਮੈਂ ਤੇਰੀ ਨਿਕਟਤਾ ਦੀ ਜੋ ਗਲ ਕੀਤੀ ਹੈ, ਉਹ ਤਾਂ ਖਿਮਾਜੋਗ ਹੈ ।

ਪ੍ਰੇਮ-ਕਲ੍ਹਾ ਦਾ ਅਤੇ ਕਲਪਨਾ-ਵਿਲਾਸ ਦਾ ਇਕ ਹੋਰ ਚਿੱਤਰ ਵੇਖੋ :

ਪਤਿਤ-ਪਾਵਨ ਨਾਮ ਸੁਣ ਕੇ ਮੈਂ ਦੁਆਰ ਤੇ ਆਇਆ
ਪਤਿਤ ਪਾਵਨ ਨਹੀਂ ਹੈ ਇਸ ਲਈ ਮੈਂ ਵਾਪਸ ਜਾਂਦਾ ਹਾਂ
ਲੈ ਕੇ ਹੀ ਤੂੰ ਦੇਂਦਾ ਹੈਂ, ਐਸਾ ਹੈਂ ਤੂੰ ਉਦਾਰ
ਕਿਉਂ ਫੜੀ ਰੱਖਾਂ, ਹੇ ਈਸ਼ਵਰ ਤੇਰੇ ਜਿਹੇ ਕੰਜੂਸ ਦਾ ਦੁਆਰ
ਛਡ ਦੇ ਆਪਣਾ ਨਾਮ, ਹੇ ਈਸ਼ਵਰ, ਹੁਣ ਅਭਿਮਾਨੀ ਨਾ ਬਣ
ਪਤਿਤ ਪਾਵਨ ਨਾਮ ਤੇਰਾ ਰਖਿਆ ਸੀ ਕਿਸਨੇ ?
ਹਥ ਵਿਚ ਡੁਗਡੁਗੀ ਲੈ ਕੇ ਤਿੰਨਾਂ ਲੋਕਾਂ ਵਿਚ ਮੈਂ ਡੋਂਡੀ ਫੇਰ ਦੇਮਾਂਗਾ
ਪਤਿਤ ਪਾਵਨ ਤੂੰ, ਪਰ ਈਸ਼ਵਰ ਤੂੰ ਬੜਾ ਘਾਤਕੀ ਹੈਂ
ਨਾਮਾ ਕਹਿੰਦਾ ਹੈ ਤੇਰਾ ਮੈਨੂੰ ਕੁਝ ਵੀ ਨਹੀਂ ਲਗਦਾ
ਪ੍ਰੇਮ ਚਿਤ ਵਿਚ ਰਹਿਣ ਦੇ, ਇਸੇ ਲਈ ਤੇਰੇ ਪੈਰੀਂ ਪੈਂਦਾ ਹਾਂ ॥ ੧੪੫੪ ॥

ਏਥੇ ਵੀ ਪ੍ਰੇਮ ਨਾਲ ਭਰੀ ਅਪਣੱਤ ਦਾ ਵਰਣਨ ਹੈ । ਪਰ, ਅਰੰਭ ਵਿਚ ਹੀ ਯੁਕਤੀ ਪੂਰਵਕ ਈਸ਼ਵਰ ਦੀ ਵਿਆਜ਼-ਨਿੰਦਾ ਕਰਕੇ ਅੰਤਰ ਵਿਚ ਸ਼ਰਣਾਗਤੀ ਸਵੀਕਾਰ ਕਰ ਲਈ ਹੈ :

ਨੀਂਦ ਵਿਚ ਡੁੱਬੇ ਦੀ ਸੇਜ ਉਪਰ ਸਪ ਹੈ ਜਾਂ ਉਰਵਸੀ
ਉਂਞ ਅਸੀਂ ਵਿਸ਼ੇ ਵਲ ਹੀ ਵੇਖਦੇ ਹਾਂ
ਐਸੀ ਕਿਰਪਾ ਕੀਤੀ ਹੈ ਕੇਸ਼ੀਰਾਜ ਨੇ
ਪ੍ਰਤੀਤੀ ਸਦਕਾ ਸਭ ਕੁਝ ਇਕ ਸਮਾਨ ਗਿਣਦਾ ਹਾਂ
ਗੋਹਾ ਤੇ ਸੋਨਾ ਇਕੋ ਜੇਹਾ ਲਗਦਾ ਹੈ

ਰਤਨ ਜਾਂ ਪੱਥਰ ਇਕ ਰੂਪ ਹਨ
ਪੈਰਾਂ ਨਾਲ ਲੱਗਾ ਹਾਂ, ਉਪਰੋਂ ਸੁਰਗ ਉਤਰੇ ਜਾਂ ਅਗ ਵਰ੍ਹੇ
ਆਤਮ-ਸਥਿਤੀ ਭੰਗ ਨਹੀਂ
ਨਾਮਦੇਵ ਕਹਿੰਦਾ ਹੈ ਕੋਈ ਨਿੰਦਾ ਕਰੇ ਜਾਂ ਉਸਤਤਿ
ਅਸੀਂ ਤਾਂ ਬ੍ਰਹਮ-ਅਨੰਦ ਰੂਪ ਹੋ ਗਏ ਹਾਂ ॥ ੧੫੨੨ ॥

ਏਸ ਥਾਂ ਆਪਣੀ ਸਥਿਤੀ ਬ੍ਰਹਮ-ਅਨੰਦ ਰੂਪ ਹੋਣ ਸਦਕਾ ਸਾਡੀ ਸਥਿਤੀ ਦਵੈਤ ਭਾਵ ਤੋਂ ਪਰੇ ਹੋ ਗਈ ਹੈ। ਜਿਸਨੂੰ ਡੂੰਘੀ ਨੀਂਦ ਆਈ ਹੈ ਉਸਨੂੰ ਏਸ ਗਲ ਕੀ ਚਿੰਤਾ ਕਿ ਉਸਦੇ ਬਿਸਤਰੇ ਉਪਰ ਉਰਵਸੀ ਹੈ ਜਾਂ ਸਪ।

ਆਤਮ-ਅਨੁਭਵ ਦੀ ਕਿਸੇ ਵੀ ਸਥਿਤੀ ਦਾ ਵਰਣਨ ਕਰਨਾ ਹੋਵੇ ਤਾਂ ਨਾਮਦੇਵ ਦੇ ਸਾਹਮਣੇ ਦ੍ਰਿਸ਼ ਅਤੇ ਸਦ੍ਰਿਸ਼ ਉਪਮਾਨ ਅਤੇ ਪ੍ਰਤੀਮਾਨ ਸਦਾ ਸਿੱਧ ਰਹਿੰਦੇ ਹਨ।

੧੭੬੯ ਦੀ ਗਿਣਤੀ ਵਾਲੇ ਅਭੰਗ ਵਿਚ ਆਪਣੇ ਆਪਨੂੰ ਵੇਖਣ ਲਈ ਕਿਹੜਾ ਦੀਵਾ ਬਾਲਾਂ। ਜਿਸਦੀ ਜੋਤ ਨਾਲ ਚੰਨ ਸੂਰਜ ਜਗਦੇ ਹਨ, ਉਸਨੂੰ ਕਿਵੇਂ ਵੇਖਾਂ ?' ਅਜੇਹਾ ਉਹ ਸਹਿਜੇ ਹੀ ਕਹਿ ਜਾਂਦੇ ਹਨ। ਮਨੁਖਾ ਜੀਵਨ ਹਰ ਛਿਣ ਮੌਤ ਵਲ ਤੁਰਿਆ ਜਾ ਰਿਹਾ ਹੈ, ਇਸਦਾ ਵਰਣਨ ਕਰਦੇ ਹੋਏ ਉਹ ਕਹਿੰਦੇ ਹਨ :

ਚੋਰ ਨੂੰ ਜਿਵੇਂ ਸੂਲੀ ਵਲ ਖਿਚ ਕੇ ਲਿਜਾਂਦੇ ਹਨ
ਤੁਰਦੇ ਕਦਮਾਂ ਵਿਚ ਜਿਵੇਂ ਮੌਤ ਹੁੰਦੀ ਹੈ

ਅਜੇਹੀ ਸਟੀਕ ਉਪਮਾਂ ਨਾਮਦੇਵ ਨੂੰ ਸੁਝਦੀ ਹੈ। ਹਿੰਦੂ ਮੰਦਰ ਵਿਚ ਪੂਜਾ ਕਰਦਾ ਹੈ, ਮੁਸਲਮਾਨ ਮਸੀਤ ਵਿਚ ਪਰ ਨਾਮਦੇਵ ਉਸ ਦੇਵਤਾ ਦੀ ਪੂਜਾ ਰਰਦੇ ਹਨ ਜੋ ਨਾ ਮੰਦਰ ਵਿਚ ਹੈ ਨਾ ਮਸੀਤ ਵਿਚ

ਹਿੰਦੂ ਪੂਜੈ ਦੇਹਰਾ ਮੁਸਲਮਾਣ ਮਸੀਤ
ਨਾਮੇ ਸੋਈ ਸੇਵਿਆ, ਜਹ ਦੇਹੁਰਾ ਨਾ ਮਸੀਤ

ਨਾਮਦੇਵ ਦਾ ਇਹ ਈਸ਼ਵਰ ਉਹਨਾਂ ਨੂੰ ਸਾਰੀ ਸ੍ਰਿਸ਼ਟੀ ਵਿਚ ਵਿਖਾਈ ਦੇਂਦਾ ਹੈ। ਸਾਰੀ ਸ੍ਰਿਸ਼ਟੀ ਦੀਆਂ ਮਨਚਾਹੀਆਂ ਮੂਰਤਾਂ ਉਹਨਾਂ ਨੇ ਪਾਸ ਜਦੋਂ ਚਾਹੋ ਆ ਹਾਜ਼ਰ ਹੁੰਦੀਆਂ ਹਨ। ਬਾਲਕ੍ਰੀੜਾਂ ਕ੍ਰਿਸ਼ਨ ਲੀਲਾ ਨਾਮ ਮਹਿਮਾ, ਆਤਮ-ਚਰਿਤ੍ਰ, ਉਪਦੇਸ਼, ਰੂਪਕ, ਚਰਿਤ੍ਰ, ਭੂਪਾਲੀ,ਆਰਤੀ ਆਦਿ ਨਾਨਾ ਪ੍ਰਕਾਰ ਦੀਆਂ ਪਦ-ਰਚਨਾਵਾਂ ਉਨ੍ਹਾਂ ਨੇ ਕੀਤੀਆਂ ਹਨ। ਉਹਨਾਂ ਦੁਆਰਾਂ ਰਚਿਤ ਪੋਰਾਣਕ ਕਥਾਨਕ ਦਾ ਅਧਿਅਨ

ਕਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਉਹਨਾਂ ਦਾ ਮੁਕਤਕ ਭਾਵ-ਕਾਵਿ ਜਿਤਨਾ ਸੰਦਰ ਹੈ ਉਹਨਾਂ ਦਾ ਕਥਾ-ਕਥਨ ਆਦਿ ਨਾਲ ਸੰਬੰਧਿਤ ਕਾਵਿ ਵੀ ਉਤਨਾ ਹੀ ਰੋਚਕ ਹੈ।

## ਅੰਤਰ ਦਾ ਗੋਝ ਤੂੰ ਬਾਹਰ ਵੇਖ

ਨਾਮਦੇਵ ਦਾ ਕਵਿੱਤ੍ਰ ਗਿਆਨਦੇਵ, ਏਕਨਾਥ, ਰਾਮਦਾਸ ਦੀ ਰਚਨਾ ਵਾਂਗ ਚੇਤਨ ਹੀ ਨਹੀਂ ਅਚੇਤਨ ਵੀ ਹੈ। ਇਸ ਲਈ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਦੀ ਨਾ ਕੋਈ ਕਾਵਿ-ਦ੍ਰਿਸ਼ਟੀ ਸੀ ਨਾ ਕਾਵਿ-ਸੋਧ। ਪਰ ਇਹ ਵਿਚਾਰ ਸਹੀ ਨਹੀਂ।

ਵਿੱਠਲ ਪੰਢਰਪੁਰ ਅਤੇ ਸੰਤਾਂ ਦੇ ਨੇੜ ਨਾਲ ਨਾਮਦੇਵ ਦੀ ਪ੍ਰਤਿਭਾ ਖਿੜ ਉਠਦੀ ਹੈ। ਉਹਨਾਂ ਦੀ ਭਗਤੀ-ਭਾਵਨਾ ਨੂੰ ਬੂਰ ਪੈਂਦਾ ਹੈ ਅਤੇ ਉਹ ਆਪਮੁਹਾਰ ਸੁਤੇ-ਪਰੇਰਿਤ ਅਤੇ ਅਲੰਕਾਰ-ਰਹਿਤ ਬਾਦੀ ਵਿਚ ਰਦਨਾ ਕਰਦੇ ਹਨ, ਇਹ ਗਲ ਸਚ ਹੈ। ਨਾਮਦੇਵ ਦੀ ਇਕ ਰਚਨਾ ਹੈ 'ਯੁਗ ਅੱਠਾਵੀਸ ਵਿਟੇਵਰੀ ਉਮਾ।' ਏਸ ਆਰਤੀ ਅਤੇ ਇਸਤੋਂ ਅਗਲੇਰੀ 'ਸ਼ੇਜਾਰਤੀ' ਦੇ ਉਚਾਰਨ ਤੋਂ ਬਗ਼ੈਰ ਮਹਾਰਾਸ਼ਟਰ ਦਾ ਕੋਈ ਵੀ ਧਾਰਮਿਕ ਉਤਸਵ ਜਾਂ ਵਰਤ ਸੰਪੂਰਣ ਨਹੀਂ ਸਮਝਿਆ ਜਾਂਦਾ :

ਮੈਂ ਡੰਡੌਤ ਕਰਾਂਗਾ ਚਰਨਬੰਦਨਾ ਕਰਾਂਗਾ
ਅੱਖਾਂ ਨਾਲ ਵੇਖਾਂਗਾ ਤੇਰਾ ਰੂਪ
ਪ੍ਰੇਮ ਨਾਲ ਜੱਫ਼ੀ ਪਾਵਾਂਗਾ, ਅਨੰਦ ਨਾਲ ਪੂਜਾਂਗਾ
ਭਾਵ ਨਾਲ ਆਰਤੀ ਕਰਾਂਗਾ, ਨਾਮਾ ਕਹਿੰਦਾ ਹੈ।

ਇਹ ਸ਼ੇਜਾਰਤੀ ਵੇਖਣ ਵਿਚ ਸਿੱਧੀ ਸਾਦਾ ਹੈ। ਫ਼ੇਰ ਵੀ ਇਸ ਵਿਚ ਕਿਰਿਆ ਦੀਪਕ ਅਲੰਕਾਰ ਵਰਤਿਆ ਗਿਆ ਹੈ ਅਤੇ ਉਹ ਸਹਿਜੇ ਹੀ ਆਇਆ ਹੈ।

ਅਜੇਹੇ ਸੁਤੇ-ਸਿਧ ਅਤੇ ਅਲੰਕਾਰ ਤੋਂ ਸਖਦੇ ਅਭੰਗਾਂ ਤੋਂ ਵਧੇਰੇ ਅਜੇਹੇ ਅਭੰਗ ਹਨ ਜਿਨ੍ਹਾਂ ਨੂੰ ਨਿਤ ਨਵੇਂ ਸੁਹਜ ਦੀ ਸਿਰਜਣਹਾਰ ਕਲਪਨਾ ਦੀ ਛੋਹ ਪ੍ਰਾਪਤ ਹੈ। ਉਨ੍ਹਾਂ ਦੀ ਪ੍ਰਤਿਭਾ ਤੀਬਰ ਵੀ ਹੈ, ਸ਼ਾਨਦਾਰ ਵੀ, ਉੱਜਲ ਵੀ ਹੈ ਤੇ ਵਿਆਪਕ ਵੀ। ਉਨ੍ਹਾਂ ਦੀ ਰਚਨਾ ਚੁਸਤ ਵੀ ਹੈ ਤੇ ਰਸਵਤੀ ਵੀ। ਉਦਾਹਰਣ ਦੇ ਲਈ ਦੋ ਅਭੰਗ ਹੋਣਗੇ।

ਸੰਸਾਰ ਵਿਚ ਦੁਖ ਕਿੱਦਾਂ ਫ਼ੈਲਦਾ ਹੈ, ਇਹ ਸਪਸ਼ਟ ਕਰਦੇ ਹੋਏ ਉਹ ਯੁਕਤੀ ਦੇਂਦੇ ਹਨ :

ਰਾਸ਼ਟਰ ਪਾਪ ਕਰਦਾ ਹੈ ਰਾਜੇ ਨੂੰ ਭੋਗਣਾ ਪੈਂਦਾ ਹੈ
ਰਾਜੇ ਦੇ ਪੁਰੋਹਿਤ ਨੂੰ ਧਰਮਸਾਸ਼ਤਰ ਕਹਿੰਦੇ ਹਨ, ਇਹ ਸਭ ਜਾਣਦੇ ਹਨ

ਪਰ ਕਿਸੇ ਨੂੰ ਇਹ ਭੇਤ ਦੀ ਗਲ ਪਤਾ ਨਹੀਂ
ਕਿ ਸਿਖ਼ ਪਾਪ ਕਰਦਾ ਹੈ ਅਤੇ ਗੁਰੂ ਭੋਗਦਾ ਹੈ
ਇਸਤ੍ਰੀ ਦਾ ਪਾਪ ਪੁਰਖ ਨੂੰ ਭੋਗਣਾ ਪੈਂਦਾ ਹੈ
ਨਾਮਾ ਕਹਿੰਦਾ ਹੈ ਲੋਕ ਮਾਇਆ ਵਿਚ ਉਲਝੇ ਹਨ
ਬਾਕੀ ਸੰਸਾਰ ਦੇ ਝੂਲੇ ਵਿਚ ਝੂਲ ਰਹੇ ਹਨ ॥ ੬੨੦ ॥

ਇਹ ਅਭੰਗ ਨਾਮਦੇਵ ਦੇ ਵਿਹਾਰ-ਗਿਆਨ ਅਤੇ ਚੰਗੀ ਤਰ੍ਹਾਂ ਸੋਧੇ ਹੋਏ ਵਿਅਕਤੀ ਤਿਤਵ ਦੀ ਪਹਿਚਾਨ ਕਰਾ ਦੇਣ ਲਈ ਕਾਫੀ ਹੈ। ਉਨ੍ਹਾਂ ਇਕ ਥਾਂ ਕਿਹਾ ਹੈ :

ਲੋਕ-ਵਿਹਾਰ ਮੈਨੂੰ ਕੋਈ ਯਾਦ ਨਹੀਂ
ਕਲਪਨਾ ਮੇਰੀ ਦੇਹ ਵਿਚ ਉਤਰਦੀ ਨਹੀਂ
ਖੜਤਾਲਾਂ ਲੈ ਕੇ ਸਭ ਦੇ ਸਾਹਮਣੇ ਨਚਦਾ ਫਿਰਦਾ ਹਾਂ
ਇਸ ਨਾਲ ਮੇਰੇ ਮਨ ਨੂੰ ਸੁਖ ਹੁੰਦਾ ਹੈ। (੯੯੪)

ਉਨ੍ਹਾਂ ਦਾ ਉਪਰੋਕਤ ਕਥਨ ਬਹੁਤ ਕੁਝ ਅਰਥਵਾਦਾਤਮਕ ਹੈ, ਇਹ ਤਾਂ ਚਿੱਤ ਨੂੰ ਹੋਰਸ ਪਾਸੇ ਖਿੱਚਣ ਲਈ ਉਚਾਰਿਆ ਵਾਕ ਹੈ। ਇਹ ਕਥਨ ਨੂੰ ਉਹਨਾਂ ਦੀ ਨਿੰਮਰਤਾ ਦਾ ਸੰਕੇਤ ਵੀ ਸਮਝਿਆ ਜਾ ਸਕਦਾ ਹੈ :—

ਵਿੱਠਲ ਕਾਨੜੀ ਬੋਲਣਾ ਜਾਣਦਾ ਹੈ
ਉਸ ਦੀ ਭਾਸ਼ਾ ਪੁੰਡਲੀਕ ਨਹੀਂ ਜਾਣਦਾ
ਯੁਗ ਅਠਾਈ ਬੀਤੇ
ਦੋਹਾਂ ਵਿਚ ਕੋਈ ਬੋਲਚਾਲ ਨਹੀਂ
ਹਥ ਕਮਰ ਉਪਰ ਰਖ ਕੇ
ਉਹ ਭਿਵਰਾ ਨਦੀ ਦੇ ਕੰਢੇ ਖਲੋਤਾ ਹੈ
ਨਾਮਾ ਕਹਿੰਦਾ ਹੈ ਮੇਰਾ ਸੁਆਮੀ
ਭਗਤ ਦੇ ਕੰਮ ਲਈ ਖਲੋਤਾ ਹੈ ॥ ੪੩੭ ॥

ਉਪਰਲੀ ਨਜ਼ਰੇ ਵੇਖਿਆ ਜਾਵੇ ਤਾਂ ਇਹ ਅਭੰਗ ਸੁਭ ਵੱਕਤੀ ਪ੍ਰਤੀਤ ਹੁੰਦਾ ਹੈ। ਲਗਦਾ ਹੈ ਇਹ ਅਚੇਤ ਵਿਚ ਸਹਿਜ ਫੁਰਨੇ ਵਾਂਗ ਜਨਮਿਆ ਹੈ। ਪਰ ਰਤਾ ਗੌਹ ਨਾਲ ਵੇਖੀਏ ਤਾਂ ਪਤਾ ਲਗਦਾ ਹੈ। ਇਸ ਦੇ ਸ਼ਬਦ ਸ਼ਬਤ ਵਿਚ ਨਾਮਦੇਵ ਨੇ ਵਿਅੰਜਨਾ ਭਰੀ ਹੈ। ਇਹ ਵਿਅੰਜਨਾ ਅਚੇਤ ਨਹੀਂ। 'ਅੰਦਰ ਦਾ ਗੋਝ ਤੂੰ ਬਾਹਰ ਵੇਖ਼ਦਾ ਹੈਂ। ਆਕਾਸ਼ ਨੂੰ ਕੀ ਢਿਡ ਜਾਂ ਪਿਠ ਲੱਗੀ ਹੋਈ ਹੈ'—ਇਹ ਕਥਨ ਸਚ ਪ੍ਰਤੀਤ

ਹੁੰਦਾ ਹ । ਗਿਆਨ ਦੇਵ ਦਾ ਕਥਨ ਹੈ :

ਸਚੇਤਨ ਅਚੇਤਨ ਸਭ ਸੁਹਾਉਂਦਾ ਹੈ
ਤੈਨੂੰ ਬਹੁ-ਗਿਆਨ ਦੇ ਖੰਭ ਨਹੀਂ ਚਾਹੀਦੇ

ਮਰਾਠੀ ਭਾਸ਼ਾ ਵਿਚ ਨਾਮਦੇਵ ਹੀ ਅਜੇਹੇ ਸੰਤ ਕਵਿ ਹਨ । ਜਿਨ੍ਹਾਂ ਦਾ ਕਵਿਤਵ ਅਤੇ ਵਿਅਕਤੀਤਵ ਏਕਾਕਾਰ ਹੋ ਗਏ ਹਨ । ਉਸਦਾ ਕੋਈ ਵੀ ਅਭੰਗ ਸੁਣੀਏ ਤਾਂ ਗੁਨਗੁਨਾਉਣ ਦੀ ਇਛਿਆ ਹੁੰਦੀ ਹੈ । ਉਸਨੂੰ ਗੁਣਗੁਣ ਈਏ ਤਾਂ ਇਕੋ ਵੇਲੇ ਭਗਵਤ ਭਗਤੀ ਦਾ ਅਹਿਸਾਸ ਵੀ ਹੁੰਦਾ ਹੈ ਅਤੇ ਕਾਵਿਰਸ ਦੀ ਪ੍ਰਾਪਤੀ ਵੀ ਹੁੰਦੀ ਹੈ । ਉਨ੍ਹਾਂ ਦੇ ਅਭੰਗਾਂ ਦਾ ਵਰਗੀਕਰਣ ਕਰਨ ਲਗੀਏ ਤਾਂ ਆਤਮਕਥਾਤਮਕ ਅਭੰਗਾਂ ਨੂੰ ਈਸ਼ਵਰ ਭਗਤੀ ਸੰਬੰਧੀ ਅਭੰਗਾਂ ਤੋਂ ਵਖ਼ਰਾ ਕਰਨਾ ਮੁਸ਼ਕਲ ਪ੍ਰਤੀਤ ਹੁੰਦਾ ਹੈ । ਉਨ੍ਹਾਂ ਦੇ ਜੀਵਨੀ-ਮੂਲਕ ਅਭੰਗਾਂ ਵਿਚ ਭਗਤੀ ਝਾਤੀਆਂ ਮਾਰਦੀ ਹੈ ਅਤੇ ਭਗਤੀਮੂਲਕ ਅਭੰਗਾਂ ਵਿਚ ਨਾਮਦੇਵ ਦੀ ਝਲਕ ਮਿਲਦੀ ਹੈ ।

ਕੁਝ ਵਿਅਕਤੀ ਮਹਾਨ ਹੁੰਦੇ ਹਨ, ਪਰ ਉਨ੍ਹਾਂ ਦੀ ਕਵਿਤਵ ਉਨ੍ਹਾਂ ਤੋਂ ਵੀ ਮਹਾਨ ਹੁੰਦਾ ਹੈ । ਇਸ ਤੋਂ ਉਲਟ ਕੁਝ ਲੋਕਾਂ ਦਾ ਕਾਵਿ ਪ੍ਰਭਾਵੀ ਹੁੰਦਾ ਹੈ । ਪਰ ਉਸ ਤੋਂ ਵਧੀਕ ਉਨ੍ਹਾਂ ਦਾ ਵਿਅਕਤੀਤਵ ਪ੍ਰਭਾਵਸ਼ਾਲੀ ਹੁੰਦਾ ਹੈ । ਨਾਮ ਦੇਵ ਦੇ ਬਾਰੇ ਅਜੇਹਾ ਭੇਦ ਭਾਵ ਨਹੀਂ ਕੀਤਾ ਜਾ ਸਕਦਾ । ਉਨ੍ਹਾਂ ਦੇ ਨਾਮ ਵਿਚ ਹੀ ਨਾਮ ਅਤੇ ਦੇਵ ਅਭੰਗ ਹਨ, ਮਾਨੋ ਦੇਵ ਦੀ ਕਿਰਪਾ ਨਾਲ ਨਾਮਾ ਦੇਵਮਯ ਹੋਇਆ ਹੈ ਅਤੇ ਨਾਮਦੇਵ ਦੀ ਭਗਤੀ ਨਾਲ ਦੇਵ ਨਾਮਮਯ ਹੋ ਗਿਆ ਹੈ । ਇਸੇ ਸਦਕਾ ਹੀ ਪਾਵਨ ਅਭੰਗ ਬਾਣੀ ਦੀ ਰਚਨਾ ਹੋਈ ਹੈ ।

ਜਨਾਬਾਈ ਨੇ ਕਿਸਦੇ ਸ਼ਬਦ ਕਿਸਨੇ ਲਿਖੇ ਹਨ । ਇਹ ਕਹਿੰਦੇ ਹੋਏ ਲਿਖਿਆ ਹੈ ਕਿ ਗਿਆਨਦੇਵ ਦੇ ਸ਼ਬਦਸੱਚਿਦਾਨੰਦ ਬਾਬਾ ਨੇ, ਨਵਿਰਤੀ ਦੇ ਸੋਪਾਨ ਨੇ, ਮੁਕਤਾ ਬਾਈ ਦੇ ਗਿਆਨਦੇਵ ਨੇ, ਚਾਂਗ, ਦੇਵ ਦੇ ਸ਼ਿਆਮਾ ਕਾਸਾਰ ਨੇ, ਚੋਖਾਮੇਲਾ ਦੇ ਅਨੰਦ ਭੱਟ ਨੇ ਲਿਖੇ ਹਨ । ਪਰ ਨਾਮਦੇਵ ਦੇ ਅਭੰਗ ਕਿਸਨੇ ਲਿਖੇ ? ਜਨੀ ਕਹਿੰਦੀ ਹੈ ਸਖਿਆਤ ਪਾਂਡੂਰੰਗ ਨੇ' ਇਸ ਕਥਨ ਨੂੰ ਪ੍ਰਤੀਕਾਤਮਕ ਮੰਨ ਲਿਆ ਜਾਵੇ ਤਾਂ ਵੀ ਨਾਮਾ ਅਤੇ ਪਾਂਡੂਰੰਗ ਦੀ ਪਰਸਪਰ ਅਪਣੱਤ ਸਪਸ਼ਟ ਹੁੰਦਾ ਹੈ :

ਨਾਮਾ ਅੱਛਾ ਹੈ, ਨਾਮਦੇਵ ਅੱਛਾ ਹੈ
ਇਕ ਰੂਪ ਅੱਛਾ ਹੈ ਪਰਮਾਤਮਾ

ਉਪਰੋਕਤ ਕਥਨ ਨਾਮਦੇਵ ਦੇ ਸਮਕਾਲੀ ਸੰਤ ਕਵੀ ਪਰਸਾ ਭਾਗਵਤ ਦਾ ਲਿਖਿਆ ਹੋਇਆ ਹੈ । ਉਨ੍ਹਾਂ ਦੀ ਉਪਮਾ ਵਿਚ ਕੁਝ ਹੋਰ ਜੋੜਣਾ ਚਾਹੀਏ ਤਾਂ ਕਹਿ ਸਕਦੇ ਹਾਂ :

ਅਗ ਨਾਲ ਉਬਲਦੇ ਦੁਧ ਉਪਰ ਮਲਾਈ ਜੰਮਦੀ ਹੈ। ਇਸ ਤਰ੍ਹਾਂ ਨਾਮਦੇਵ ਦੇ ਤਿਨੇ ਪ੍ਰਕਾਰ ਦੇ ਤਾਪਾਂ ਨਾਲੋਂ ਤਪਾਏ ਵਿਅਕਤਿਤਵ ਉਪਰ ਉਨ੍ਹਾਂ ਦੇ ਸੁਤੇਸਿਧ ਕਵਿਤਵ ਦਾ ਰੰਗ ਜੰਮਦਾ ਹੈ। ਨਾਮਦੇਵ ਦਾ ਕਵਿਤਵ ਅਤੇ ਵਿਅਕਤਿਤਵ ਇਸ ਪ੍ਰਕਾਰ ਇਕ ਮਿਕ ਹੋ ਗਏ ਹਨ, ਜਿਵੇਂ ਦੁਧ ਦੀ ਮਲਾਈ ਦੁਧ ਵਿਚ ਮਿਲਾ ਦਿਤੀ ਗਈ ਹੋਵੇ।

## ਨਾਮਦੇਵ ਰਚਿਤ ਗ੍ਰੰਥਸੂਚੀ


੧. ਨਾਮਦੇਵਕ੍ਰਤ ਸ਼ਿਵਰਾਤਰੀ ਮਹਾਤਮਯਾਚੇ ਅਭੰਗ—੧੮੪੭
੨. ਨਾਮਦੇਵਕ੍ਰਤ ਤੀਰਥਾਵਲੀਚੇ ਅਭੰਗ—੧੮੬੨
੩. ਨਾਮਦੇਵਕ੍ਰਤ ਗਿਆਨਦੇਵਾਚਯਾ ਸਮਾਧੀਚੇਂ ਅਭੰਗ (ਸੰਪਾ: ਰਾ. ਸ਼੍ਰੀ ਗੋਂਧਲੇਕਰ)—੧੮੬੩
੪. ਨਾਮਦੇਵਾਚੀ ਗਾਥਾ (ਸੰਪਾ. ਰਾ. ਸ਼੍ਰੀ. ਗੋਂਧਲੇਕਰ)—੧੮੮੧
੫. ਸ਼੍ਰੀਨਾਮਦੇਵਾਚੀ ਵ ਤਯਾਚੇ ਕੁਟੁੰਬਾਂਤੀਲ ਵ ਸਮਕਾਲੀਨ ਸਾਧੂੰਚਯਾ ਅਭੰਗਾਂਚੀ ਗਾਥਾ (ਸੰਪਾ: ਤੁਕਾਰਾਮਤਾਤਯਾ)—੧੮੯੪
੬. ਸ੍ਰੀ ਨਾਮਦੇਵਮਹਾਰਾਜ ਯਾਂਚਯਾ ਅਭੰਗਾਂਚੀ (ਜਨਾਬਾਈ ਯਾਂਚਯਾ ਅਭੰਗਾਸਹ) (ਗਾਥਪੰਚਕ) (ਸੰਪਾ: ਤ੍ਰਯੰ. ਹ. ਆਵਟੇ)—੧੯੦੮
੭. ਸ੍ਰੀ ਨਾਮਦੇਵ ਮਹਾਰਾਜ ਯਾਂਚਯਾ ਅਭੰਗਾਂਚੀ ਗਾਥਾ (ਜਨਾਬਾਈ, ਨਾਰਾ, ਮਹਾਦਾ, ਗੋਂਦਵਿਠਾ, ਪਰਿਸਾਭਾਗਵਤ, ਗੋਧਾਈ, ਰਾਜਾਈ, ਲਾਡਾਈ, ਆਉਬਾਈ, ਲਿੰਬਾਈ ਯਾਂਚਯਾ ਅਭੰਗਾਂਸਹ) (ਸੰਪਾ: ਤ੍ਰਯੰ. ਹ. ਆਵਟੇ) —੧੯੨੩
੮. ਸ੍ਰੀ ਨਾਮਦਵਾਚਾ ਗਾਥਾ (ਸੰਪਾ: ਵਿਸ਼ਨੂ ਨਰਸਿੰਘ ਜੋਗ) ਚਿਤ੍ਰ ਆਵਰਤੀ ੨ —੧੯੩੧
੯. ਨਾਮਦੇਵਰਾਯਾਂਚੀ ਸਾਰਥ ਗਾਥਾ (ਸੰਪਾ: ਪ੍ਰ. ਸੀ. ਸੁਬੰਧ, ਖੰਡ ੧ ਤੋਂ ੪, —੧੯੪੯, ੫੧, ੫੪, ੫੮)
੧੦. ਨਾਮਦੇਵਾਂਚੀ ਭਜਨੇ (ਸੰਪਾ: ਵਿਨੋਬਾ ਭਾਵੇ)—੧੯੫੪
੧੧. ਨਾਮਯਾਚੀ ਅਮ੍ਰਿਤਵਾਣੀ (ਸੰਪਾ: ਹਰਿ ਸ਼੍ਰੀਘਰ ਸ਼ੇਣੋਲੀਕਰ)--੧੯੬੬
੧੨. ਸਕਲਸੰਤਗਾਥਾ : ਭਾਗ ੧-੨ (ਸੰਪਾ: ਕਾਸ਼ੀਨਾਥ ਅਨੰਤ ਜੋਸ਼ੀ)—੧੯੬੭.
੧੩. ਨਾਮਦੇਵਕ੍ਰਤ ਬਾਲਕ੍ਰੀੜਾ ਅਭੰਗ (ਸੰਪਾ: ਮਾਧਵਚੰਦੋਬਾ)
੧੪. ਨਾਮਦੇਵ ਆਣਿ ਰਾਮਦਾਸ ਯਾਂਚੇ ਅਭੰਗ (ਸਰਵਸੰਗ੍ਰਹਿਾਮਬੂਨ)
੧੫. ਨਾਮਦੇਵਾਂਚੀ ਅਭੰਗਗਾਥਾ (ਮਹਾਰਾਸ਼ਟਰ ਸਰਕਾਰ ਪ੍ਰਕਾਸ਼ਨ)—੧੯੭੦

# ਨਾਮਦੇਵ ਸਬੰਧੀ ਗ੍ਰੰਥਸੂਚੀ

## ਮਰਾਠੀ


੧. ਆਜਗਾਂਵਕਰ ਜ਼.ਰ.—ਸੰਤਸ਼ਿਰੋਮਣੀ ਨਾਮਦੇਵ ਮਹਾਰਾਜ ਆਣਿ ਤਯਾਂਚੇ ਸਮਕਾਲੀਨ ਸੰਤ—੧੯੪੧

੨. ਆਜਗਾਂਵਕਰ ਜ. ਰ.—ਪ੍ਰਾਚੀਨ ਮਰਾਠੀ ਸੰਤਕਵੀ ਭਾਗ ੧—੧੯੫੭

੩. ਇਨਾਮਦਾਰ ਹੇਮੰਤ ਵਿਣੂ—ਸੰਤ ਨਾਮਦੇਵ—੧੯੭੦

੪. ਉਧਵਚਿਧਦਨ—ਭਗਤਕਥਾਮ੍ਰਿਤਸਾਰ—੧੯੦੨

੫. ਖੇਰ ਭਾਲਚੰਦਰ ਦਤਾਤ੍ਰਯ—ਆਸ਼ਾੜੀ ਕਾਰਤਿਕ—੧੯੫੨

੬. ਜੋਸ਼ੀ ਸ਼ੰਕਰ ਪੁਰਸ਼ੋਤਮ—ਪੰਜਾਬਾਤੀਲ ਨਾਮਦੇਵ—੧੯੪੦

੭. ਜੋਸ਼ੀ ਸ. ਕ੍ਰ.—ਤਾਟੀ ਉਧੜਾ ਗਿਆਨੇਸ਼ਵਰਾ—੧੯੫੮

੮. ਢੇਰੇ ਰਾਮਚੰਦ੍ਰ ਚਿੰਤਾਮਣ—ਸਾਂਤਾਂਚਯਾ ਆਤਮਕਥਾ—੧੯੬੭

੯. ਢੇਰੇ ਰਾਮਚੰਦ੍ਰ ਚਿੰਤਾਮਣ—ਸਾਂਤਾਂਚਯਾ ਚਰਿਤ੍ਰਕਥਾ—੧੯੬੭

੧੦. ਤੁਲਪੁਲੇ ਗਣੇਸ਼ ਵਿਣੂ—ਨਾਮਦੇਵ ਅਧਿਆਤਮਕ ਚਰਿਤਰ ਵ ਗਿਆਨਦੀਪ, —੧ ੫੯

੧੧. ਤੁਲਪੁਲੇ ਸ਼ੰਕਰ ਗੋਪਾਲ—ਪਾਂਚ ਸੰਤਕਵੀ—੧੯੬੨

੧੨. ਦੇਸ਼ਪਾਂਡੇ ਅਚਯੁਤ ਨਾਰਾਯਣ—ਪ੍ਰਾਚੀਨ ਮਰਾਠੀ ਵਾਙਮਯਾਚਾ ਇਤਿਹਾਸ ਭਾਗ ੧, ਉਤਰਾਰਧ—੧੯੬੮

੧੩. ਦੇਸ਼ਪਾਂਡੇ ਬਾਲਸ਼ੰਕਰ—ਸ਼ਬਦਸ਼੍ਰਸਟੀਚੇ ਈਸ਼ਵਰ—੧੯੬੦

੧੪. ਨਾਈਕ ਸ਼ਾਂਤਾਰਾਮ ਜਿਵਾਜੀ—ਸ੍ਰੀਨਾਮਦੇਵ ਚਰਿਤਰ—੧੯੦੮

੧੫. ਨਿਰੰਤਰ ਗੰਗ ਧਰ ਭਾਲਚੰਦਰ—ਮਰਾਠੀ ਵਾਙਮਯਾਚਾ ਪਰਾਮ੍ਰਸ਼—੧੯੫੭

੧੬. ਪਾਂਗਾਰਕਰ ਲਛਮਣ ਰਾਮਚੰਦਰ—ਮਰਾਠੀ ਵਾਙਮਯਾਚਾ ਇਤਿਹਾਸ-ਖੰਡ ੧ —੧੯੩੨

੧੭. ਪਾਟਸਕਰ ਪਢੰਰੀਨਾਥ ਨਾਰਾਯਣ—ਸ੍ਰੀਸੰਤਸ਼ਿਰੋਮਣੀ ਬਾਲਭਗਤ ਨਾਮਦੇਵ ਮਹਾਰਾਜ ਹੇ ਦਰੋਡੇਖੋਰ ਹੋਤੇ ਕਾਯ ੧—੧੯੩੫.

੧੮. ਪੇਂਡਸੇ ਸ਼ੰਕਰ ਦਾਮੋਦਰ—ਗਿਆਨਦੇਵ ਆਣਿ ਨਾਮਦੇਵ—੧੯੬੯.

੧੯. ਪੈਠਣਕਰ ਅਨੰਤ—ਪਾਂਚ ਸੰਤਚਰਿਤ੍ਰੇ—੧੯੬੯

੨੦. ਪ੍ਰਿਯੋਲਕਰ ਅਨੰਤ ਕਾਕਬਾ—ਸ਼ਿਖਾਂਚਯਾ ਆਦਿਗ੍ਰੰਥਾਤੀਲ ਨਾਮਦੇਵ—੧੯੩੮

੨੧. ਭਾਵੇ ਵਿਨਾਯਕ ਲਛਮਣ—ਮਹਾਰਾਸ਼ਟਰ ਸਾਰਸਵਤ (ਆ. ਪਵੀਂ)—੧੯੬੩

੨੨. ਮਹੀਪਤੀ—ਭਗਤਲੀਲਾਮ੍ਰਿਤ—੧੯੦੪.

੨੩. ਮਹੀਪਤੀ—ਭਗਤਵਿਜਯ—੧੯੫੦

੨੪. ਮਾਂਡਵਕਰ ਭਾਉ—ਸੰਤ ਨਾਮਦੇਵਦਰਸਨ—੧੯੬੨
੨੫. ਮੂਲੇ ਮਾਧਵ ਆਪਾਜੀ—ਸ੍ਰੀ ਨਾਮਦੇਵ ਚਰਿਤ੍ਰ—੧੯੫੨
੨੬. ਰਾਣੇਜੀਰਾਵ ਬੀ. ਐਸ.—ਸੰਤਸ਼ਿਰੋਮਣੀ ਸ੍ਰੀਨਾਮਦੇਵ ਮਹਾਰਾਜ ਯਾਂਚੀ ਵੰਸ਼ਾਂਵਲ।
੨੭. ਰਾਨੇਡੇ ਰਾਮਚੰਦਰ ਦਤਾਤ੍ਰਯ—ਸੰਤ ਵਦਨਾਮ੍ਰਿਤ—੧੯੬੨.
੨੮. ਰਾਨਡੇ ਰਾਮਚੰਦ੍ਰ ਦਤਾਤ੍ਰਯ—ਮਰਾਠੀ ਸੰਤ ਵਾਡੰਯਾਤੀਲ ਪਰਮਾਥਮਾਰਗ (ਇੰਗ੍ਰਜੀਤੂਨ ਭਾਸ਼ਾਂਤਰ ਕ੍ਰਿ. ਵ. ਗਜੇਦੰਰਗਡਕਰ)—੧੯੬੫.
੨੯. ਰੇਲੇਕਰ ਗੋ. ਨਾ. ਵ ਭਿਡੇ ਯ. ਦ.—ਮਹਾਰਾਸ਼ਟ੍ਰੀ ਸੰਤਵਾਡਮਯ ਵ ਜੀਵਨ (ਵਿਆਖਿਆਨ ਮਾਲਾ) ੧੯੫੨.
੩੦. ਸ਼ਿਖਰੇ ਦਾਮੋਦਰ ਨਰਹਰ—ਮਰਾਠੀਚਾ ਪਰਿਮਲ—ਖੰਡ ੧,—੧੯੫੨.
੩੧. ਸ਼ੇਂਡੇ ਸਰੋਜਿਨੀ—ਵਿਠੂਦਾਸ ਨਾਗਯਾਚਯਾ ਮਹਾਭਾਰਤਾਚਾ ਵਿਵੇਚਨਾਤਮਕ ਅਭਿਆਸ (ਅਪ੍ਰਕਾਸ਼ਿਤ ਪ੍ਰਬੰਧ)—੧੯੬੦.
੩੨. ਸਰਦੇਸਾਈ ਯਸ਼ਵੰਤ ਸੂਰਯਰਾਵ—ਸ੍ਰੀਨਾਮਦੇਵ ਮਹਾਰਾਜ—ਭੂਮਿਕਾ—ਕਾਰਜ ਬੋਧ—੧੯੫੦
੩੩. ਸ੍ਰੀ ਨਾਮਦੇਵ ਦਰਸ਼ਨ—(ਲੇਖ ਸੰਗ੍ਰਹਿ)—੧੯੭੦

## ਹਿੰਦੀ

੩੪. ਬਾਬਾ ਪੂਰਨਦਾਸ—ਜਨਮਸਾਖੀ ਸ੍ਰੀ ਨਾਮਦੇਵਜੀ ਭਾਗ ਪਹਿਲਾ, ਇ. ਸੰ: ੧੮੮੮
੩੫. ਬਾਰਟਵਕੇ ਮਾਧਵਰਾਵ ਗੋਬਿੰਦ—(ਸੰਪਾਦਕ) ਸ੍ਰੀਸੰਤਨਾਮਦੇਵਜੀਵਾਂਚੀ ਸਾਰਥ ਹਿੰਦੀ ਪਦੇ—੧੯੬੮.
੩੬. ਮਿਤਰ ਭਾਗੀਰਥ—ਸੰਤਨਾਮਦੇਵਕੀ ਹਿੰਦੀ ਪਦਾਵਲੀ
੩੭. ਮਿਸ਼ਰ ਰਾਮਚੰਦਰ—ਸੰਤ ਨਾਮਦੇਵ ਤੇ ਹਿੰਦੀ ਪਦਸਾਹਿਤਯ—੧੯੬੯.
੩੮. ਮੋਹਨ ਸਿੰਘ ਦੀਵਾਨਾ—ਭਗਤ ਸ਼ਿਰੋਮਣੀ ਨਾਮਦੇਵ ਕੀ ਨਈ ਜੀਵਨੀ, ਨਈ ਪਦਾਵਲੀ—੧੯੪੯.
੩੯. ਸ਼ਰਮਾ ਵਿਨਯਮੋਹਨ—ਹਿੰਦੀ ਕੋ ਮਰਾਠੀ ਸੰਤੋਂ ਕੀ ਦੇਨ—੧੯੫੭

## ਅੰਗਰੇਜ਼ੀ

੪੦. ਐਬਿਟ ਜਸਿਟਨ ਈ.—ਸਟੋਰਮਾਲਾ—੧੯੨੯
੪੧. ਭਗਤ ਰਾਮ— ਸ੍ਰੀ ਸਵਾਮੀ ਨਾਮਦੇਵ, ਘੋਮਨ—੧੯੩੬.

੪੨. ਲਾਰੇਂਸ ਬਿਨਯਨ—ਕੋਰਟ ਪੇਂਟਰਸ ਆਫ਼ ਦੀ ਗ੍ਰੇਂਡ ਮੁਗਲਸ, ਆਕਸਫੋਰਡ—੧੯੨੧

੪੩. ਮੈਕਾਲਿਫ ਐਮ. ਏ.—ਦੀ ਸਿਖ ਰਿਲੀਜਨ: ਇਟਸ ਗੁਰੂਸ ਸੇਕਰੇਡ ਰਾਈਟਿੰਗਸ ਐਂਡ ਆਥਰਸ ਵੋਲਯੂਮ ੬, ਆਕਸਫੋਰਡ—੧੯੦੯

੪੪. ਰਾਨਾਡੇ ਆਰ. ਡੀ.—ਮਿਸਟੀਸਿਜ਼ਮ ਇਨ ਮਹਾਰਾਸ਼ਟਰਾ—੧੯੩੩.

੪੫. ਰਾਨਾਡੇ ਆਰ. ਡੀ—ਪਾਥਵੇ ਟੂ ਗਾਈਡ ਇਨ ਮਰਾਠੀ ਲਿਟਰੇਚਰ—੧੯੬੧.

੪੬. ਯੂਨੈਸਕੋ ਕਲਕੇਸ਼ਨ—ਦੀ ਸੇਕਰੇਡ ਰਾਈਟਿੰਗਸ ਆਫ ਦੀ ਸਿਖਸ—੧੯੬੦

੪੭. ਮਾਚਵੇ (ਡਾ.) ਪ੍ਰਭਾਕਰ—ਨਾਮਦੇਵ, (ਪੰਜਾਬੀ ਯੂਨੀਵਰਸਿਟੀ. ਪਟਿਆਲਾ) —੧੯੬੮

116262
23/11/04

ਸਾਹਿਤ ਅਕਾਦੇਮੀ ਰਾਸ਼ਟਰੀ ਮਹੱਤਵ ਦੀ ਸੰਸਥਾ ਹੈ, ਜਿਸਦੀ ਸਥਾਪਨਾ ਭਾਰਤ ਸਰਕਾਰ ਨੇ ਸੰਨ 1954 ਵਿਚ ਕੀਤੀ ਸੀ। ਇਹ ਇਕ ਸੁਤੰਤਰ ਸੰਸਥਾ ਹੈ, ਜਿਸਦੀਆਂ ਨੀਤੀਆਂ ਅਕਾਦੇਮੀ ਦੀ ਕਮੇਟੀ ਰਾਹੀਂ ਮਿਥੀਆਂ ਜਾਂਦੀਆਂ ਹਨ। ਕਮੇਟੀ ਵਿਚ ਵਖੋ-ਵਖ ਭਾਰਤੀ ਭਾਸ਼ਾਵਾਂ, ਰਾਜਾਂ ਤੇ ਵਿਸ਼ਵ-ਵਿਦਿਆਲਿਆਂ ਦੇ ਪ੍ਰਤੀਨਿਧੀ ਹੁੰਦੇ ਹਨ।

ਸਾਹਿਤ ਅਕਾਦੇਮੀ ਦਾ ਮੁਖ ਉਦੇਸ਼ ਹੈ ਭਾਰਤੀ ਭਾਸ਼ਾਵਾਂ ਦੀਆਂ ਸਾਹਿਤਕ ਗਤੀ ਵਿਧੀਆਂ ਵਿਚਕਾਰ ਸੁਮੇਲ ਸਥਾਪਿਤ ਕਰਨਾ, ਉਨ੍ਹਾਂ ਦੀ ਉੱਨਤੀ ਵਿਚ ਸਹਾਇਕ ਹੋਣਾ ਅਤੇ ਅਨੁਵਾਦਾਂ ਦੇ ਮਾਧਿਅਮ ਰਾਹੀਂ ਭਾਰਤੀ ਭਾਸ਼ਾਵਾਂ ਦੇ ਉਤਮ ਸਾਹਿਤ ਨੂੰ ਸਾਰੇ ਦੇਸ਼ ਦੇ ਪਾਠਕਾਂ ਤੀਕ ਪਹੁੰਚਾਣਾ। ਆਪਣੇ ਇਸ ਉਦੇਸ਼ ਦੀ ਪੂਰਤੀ ਲਈ ਸਾਹਿਤ ਅਕਾਦੇਮੀ ਨੇ ਇਕ ਵਡੀ ਪ੍ਰਕਾਸ਼ਨ-ਯੋਜਨਾ ਸ਼ੁਰੂ ਕੀਤੀ ਹੈ। ਇਸ ਯੋਜਨਾ ਦੇ ਅਧੀਨ ਜਿਹੜੇ ਗ੍ਰੰਥ ਪ੍ਰਕਾਸ਼ਿਤ ਹੋ ਚੁਕੇ ਹਨ, ਉਨ੍ਹਾਂ ਦੀ ਸੂਚੀ ਸਾਹਿਤ ਅਕਾਦੇਮੀ ਦੇ ਸੇਲ ਵਿਭਾਗ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।